




ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ ਅਮਨਦੀਪ ਮਹਿਰਾ

ਮੰਗਲਵਾਰ 20 ਫਰਵਰੀ 2024




समूह देशवासियों द्वारा लोकबाणी न्यूज पेपर को प्यार तथा सहयोग देने पर **तहेदिल से धन्यवाद**
अमन मेहरा संपादक


R.N.I.Punpun/29016/2008 * ਸਾਲ 15 * ਅੰਕ : 275 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111







## ਕਿਸਾਨਾਂ ਵੱਲੋਂ ਕੇਂਦਰ ਦੇ ਪ੍ਰਸਤਾਵ ਨੂੰ ਨਹੀਂ ਮੰਜੂਰ ਕੀਤਾ ਗਿਆ

ਲੋਕ ਬਾਣੀ/ ਜਲੰਧਰ, ਦੇਵ ਮਹਿਤਾ



ਸ਼ੰਭੂ ਹੱਦ 'ਤੇ ਅੱਜ ਕਿਸਾਨਾਂ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ 'ਚ ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੇਂਦਰ ਦੀ ਪੰਜ ਫਸਲਾਂ 'ਤੇ ਐਮਐਸਪੀ ਦੇਣ ਦੀ ਪੇਸ਼ਕਸ਼ ਮਨਜ਼ੂਰ ਨਹੀਂ ਹੈ। ਉਨ੍ਹਾਂ 23 ਫਸਲਾਂ 'ਤੇ ਐਮਐਸਪੀ ਮੰਗੀ ਹੈ। ਇਸੇ ਦੌਰਾਨ ਉਨ੍ਹਾਂ ਆਪਣੇ ਅੰਦੋਲਨ ਨੂੰ ਭਖਾਉਂਦਿਆਂ ਬੁੱਧਵਾਰ ਨੂੰ ਦਿੱਲੀ ਵੱਲ ਕੂਚ ਕਰਨ ਫੈਸਲਾ ਕੀਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਪ੍ਰਪੋਜ਼ਲ 'ਚ ਕੋਈ ਦਮ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਐਮਐਸਪੀ ਦੀ ਗਾਰੰਟੀ ਦਾ ਕਾਨੂੰਨ ਬਣਾਵੇ।

## ਇਕ ਹੋਰ ਕਿਸਾਨ ਦੀ ਹੋਈ ਕੈਪਟਨ ਦੇ ਘਰ ਬਾਹਰ ਧਰਨੇ ਦੌਰਾਨ ਮੌਤ

ਲੋਕ ਬਾਣੀ/ ਚੰਡੀਗੜ੍ਹ, ਵਿਨੋਦ ਸ਼ਰਮਾ



ਇਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਦੇ ਬਾਹਰ ਧਰਨਾ ਦੇ ਰਹੇ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ 43 ਸਾਲਾ ਨਰਿੰਦਰਪਾਲ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਸੀ। ਨਰਿੰਦਰਪਾਲ 17 ਫਰਵਰੀ ਨੂੰ ਆਪਣੇ ਸਾਥੀਆਂ ਨਾਲ ਪਟਿਆਲਾ ਧਰਨੇ 'ਤੇ ਪੁੱਜਾ ਸੀ ਕਿ ਐਤਵਾਰ ਰਾਤ ਨੂੰ ਅਚਾਨਕ ਉਸ ਦੀ ਤਬੀਅਤ ਖਰਾਬ ਹੋਣ ਲੱਗੀ ਤਾਂ ਉਸ ਨੇ ਆਪਣੇ ਸਾਥੀ ਕਿਸਾਨਾਂ ਨੂੰ ਉਸ ਨੂੰ ਵਾਪਸ ਪਿੰਡ ਲੈ ਜਾਣ ਲਈ ਕਿਹਾ।

## ਈਡੀ ਸਾਹਮਣੇ ਨਹੀਂ ਹੋਣਗੇ ਕੇਜਰੀਵਾਲ ਸ਼ਰਾਬ ਨੀਤੀ ਮਾਮਲੇ ਵਿਚ ਪੇਸ਼-ਆਪ


ਲੋਕ ਬਾਣੀ/ ਦਿੱਲੀ



ਆਮ ਆਦਮੀ ਪਾਰਟੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛ ਪੜਤਾਲ ਲਈ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਸਾਹਮਣੇ ਪੇਸ਼ ਨਹੀਂ ਹੋਣਗੇ। ਪਾਰਟੀ ਨੇ ਏਜੰਸੀ ਵੱਲੋਂ ਆਪਣੇ ਕੌਮੀ ਕਨਵੀਨਰ ਨੂੰ ਜਾਰੀ ਛੇਵੇਂ ਸੰਮਨ ਨੂੰ 'ਗੈਰ-ਕਾਨੂੰਨੀ' ਕਰਾਰ ਦਿੱਤਾ ਅਤੇ ਕਿਹਾ ਕਿ ਈਡੀ ਨੂੰ ਕੇਜਰੀਵਾਲ ਨੂੰ ਵਾਰ-ਵਾਰ ਸੰਮਨ ਭੇਜਣ ਦੀ ਬਜਾਏ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ। ਕਈ ਵਾਰ ਸੰਮਨ ਜਾਰੀ ਕਰਨ ਤੋਂ ਬਾਅਦ ਵੀ ਕੇਜਰੀਵਾਲ ਪੁੱਛ ਪੜਤਾਲ 'ਚ ਸ਼ਾਮਲ ਨਹੀਂ ਹੋਏ ਤਾਂ ਈਡੀ ਨੇ ਅਦਾਲਤ 'ਚ ਸ਼ਿਕਾਇਤ ਦਰਜ ਕਰਵਾਈ। ਅਦਾਲਤ ਨੇ ਸ਼ਨਿਚਰਵਾਰ ਨੂੰ ਕੇਂਦਰੀ ਏਜੰਸੀ ਵੱਲੋਂ ਦਾਇਰ ਸ਼ਿਕਾਇਤ ਦੇ ਸਬੰਧ ਵਿੱਚ ਕੇਜਰੀਵਾਲ ਨੂੰ ਨਿੱਜੀ ਪੇਸ਼ੀ ਤੋਂ ਰਾਹਤ ਦਿੱਤੀ ਸੀ।

## ਨਵਾਜ਼ ਸ਼ਰੀਫ ਨੂੰ ਵੱਡਾ ਝਟਕਾ, ਇਸਲਾਮਾਬਾਦ ਦੀਆਂ ਤਿੰਨ ਸੰਸਦੀ ਸੀਟਾਂ ਦੇ ਨਤੀਜੇ ਮੁਅੱਤਲ, ਇਸਲਾਮਾਬਾਦ ਹਾਈ ਕੋਰਟ ਦਾ ਫ਼ੈਸਲਾ

ਲੋਕ ਬਾਣੀ/ ਇਸਲਾਮਾਬਾਦ



ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਵਿੱਚ ਚੋਣ ਧਾਂਦਲੀ ਦੇ ਸਬੂਤ ਮਿਲਣ ਤੋਂ ਬਾਅਦ ਰਾਸ਼ਟਰੀ ਰਾਜਧਾਨੀ ਖੇਤਰ ਦੀਆਂ ਤਿੰਨ ਸੰਸਦੀ ਸੀਟਾਂ ਦੇ ਚੋਣ ਨਤੀਜਿਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਨਾਲ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਨਵਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੂੰ ਵੱਡਾ ਝਟਕਾ ਲੱਗਾ ਹੈ। ਜਿਨ੍ਹਾਂ ਤਿੰਨ ਸੰਸਦ ਮੈਂਬਰਾਂ ਦੀਆਂ ਚੋਣਾਂ ਹਾਈ ਕੋਰਟ ਨੇ ਰੱਦ ਕਰ ਦਿੱਤੀਆਂ ਹਨ।

## ਉਤਰਾਖੰਡ ਦੀਆਂ ਪਹਾੜੀਆਂ ਤੇ ਹੋਈ ਬਰਫਬਾਰੀ

ਲੋਕ ਬਾਣੀ/ ਦੇਹਰਾਦੂਨ

-ਉੱਤਰਾਖੰਡ 'ਚ ਕੁਝ ਦਿਨਾਂ ਦੇ ਸਾਫ ਮੌਸਮ ਤੋਂ ਬਾਅਦ ਕੁਦਰਤ ਨੇ ਇਕ ਵਾਰ ਫਿਰ ਆਪਣਾ ਰੁਖ ਬਦਲ ਲਿਆ ਹੈ। ਗੰਗੋਤਰੀ, ਯਮੁਨੋਤਰੀ ਅਤੇ ਕੇਦਾਰਨਾਥ ਧਾਮ ਸਮੇਤ ਪਹਾੜਾਂ 'ਤੇ ਕਈ ਥਾਵਾਂ 'ਤੇ ਬਰਫ਼ਬਾਰੀ ਹੋਈ, ਜਦਕਿ ਦੇਹਰਾਦੂਨ ਸਮੇਤ ਮੈਦਾਨੀ ਇਲਾਕਿਆਂ 'ਚ ਬੱਦਲ ਛਾਏ ਹੋਏ ਹਨ ਅਤੇ ਠੰਡੀਆਂ ਹਵਾਵਾਂ ਨੇ ਤਾਪਮਾਨ 'ਚ ਗਿਰਾਵਟ ਦਰਜ ਕੀਤੀ ਹੈ। ਇਸ ਦਾ ਅਸਰ ਦਿੱਲੀ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ।

## ਬਰਫੀਲੇ ਤੂਫਾਨ ਕਾਰਨ ਅਫ਼ਗਾਨਿਸਤਾਨ ਵਿਚ 25 ਦੀ ਹੋਈ ਮੌਤ

ਲੋਕ ਬਾਣੀ/ ਕਾਬੁਲ



ਅਫ਼ਗਾਨਿਸਤਾਨ ਵਿਚ ਬਰਫ਼ੀਲੇ ਤੂਫ਼ਾਨ ਕਾਰਨ 25 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਕਥਿਤ ਤੌਰ 'ਤੇ ਫਸੇ ਹੋਏ ਹਨ, ਆਫ਼ਤ ਪ੍ਰਬੰਧਨ ਮੰਤਰਾਲੇ ਦੇ ਬੁਲਾਰੇ ਨੇ ਮੀਡੀਆ ਨਾਲ ਸਾਂਝੀ ਕੀਤੀ ਇਕ ਵੀਡੀਓ ਕਲਿੱਪ ਵਿੱਚ ਕਿਹਾ, "ਕਰੀਬ 25 ਲੋਕ ਮਾਰੇ ਗਏ ਹਨ ਅਤੇ ਅੱਠ ਜ਼ਖਮੀ ਹੋਏ ਹਨ।

## ਭੂਚਾਲ ਦੇ ਜ਼ਬਰਦਸਤ ਝਟਕੇ ਲੱਗੇ ਕਾਰਗਿਲ ਵਿਚ

ਲੋਕ ਬਾਣੀ/ ਕਾਰਗਿਲ

ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਦੇ ਕਾਰਗਿਲ ਜ਼ਿਲ੍ਹੇ 'ਚ ਸੋਮਵਾਰ ਰਾਤ 5.2 ਤੀਬਰਤਾ ਦਾ ਭੂਚਾਲ ਆਇਆ ਪਰ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ (ਐਨਸੀਐਸ) ਅਨੁਸਾਰ ਭੂਚਾਲ ਰਾਤ 9.21 ਵਜੇ ਆਇਆ ਅਤੇ ਇਸ ਦਾ ਕੇਂਦਰ ਕਾਰਗਿਲ ਤੋਂ 148 ਕਿਲੋਮੀਟਰ ਉੱਤਰ-ਪੱਛਮ ਵਿੱਚ ਸੀ। ਭੂਚਾਲ ਦੀ ਡੂੰਘਾਈ ਸਤ੍ਹਾ ਤੋਂ 10 ਕਿਲੋਮੀਟਰ ਹੇਠਾਂ ਸੀ। ਕਿਸੇ ਨੁਕਸਾਨ ਦੀ ਤੁਰੰਤ ਕੋਈ ਰਿਪੋਰਟ ਨਹੀਂ ਹੈ।


**ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ**

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਤਹਿਸੀਲਦਾਰ ਦੇ ਨਾਂ ‘ਤੇ ਲੱਖ ਰੁਪਇਆ ਰਿਸ਼ਵਤ ਮੰਗਦਾ ਵਿਚੋਲਾ ਗ੍ਰਿਫਤਾਰ

ਲੋਕ ਬਾਣੀ/ ਚੰਡੀਗੜ੍ਹ



– ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸੋਮਵਾਰ ਨੂੰ ਇੱਕ ਵਿਅਕਤੀ ਪਰਦੀਪ ਕੁਮਾਰ, ਵਾਸੀ ਖਲਵਾੜਾ ਕਾਲੋਨੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੂੰ ਤਹਿਸੀਲਦਾਰ ਅਤੇ ਮੈਨੇਜਰ ਫਰਦ ਕੇਂਦਰ ਫਗਵਾੜਾ ਦੇ ਨਾਮ ‘ਤੇ ਇੱਕ ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਮੁੱਕਦਮਾ ਤਹਿਸੀਲ ਫਗਵਾੜਾ ਦੇ ਪਿੰਡ ਮਾਧੋਪੁਰ ਦੇ ਵਸਨੀਕ ਮਨਜੀਤ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ ‘ਤੇ ਦਰਜ ਕੀਤਾ ਗਿਆ ਹੈ।

ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸਦੀ ਪਤਨੀ ਨੇ ਜੱਦੀ ਜ਼ਮੀਨ ਦੇ ਵਿਰਾਸਤੀ ਇੰਤਕਾਲ ਸਬੰਧੀ ਇੱਕ ਦਰਖਾਸਤ ਤਹਿਸੀਲਦਾਰ ਨੂੰ ਦਿੱਤੀ ਹੈ ਜਿਸ ਨੇ ਉਹ ਅਰਜ਼ੀ ਸਬੰਧਤ ਪਟਵਾਰੀ ਨੂੰ ਭੇਜ ਦਿੱਤੀ ਹੈ ਪਰ ਉਪਰੋਕਤ ਮੁਲਜ਼ਮ ਇੱਸ ਕੇਸ ਵਿੱਚ ਇੱਕ ਲੱਖ ਰੁਪਏ ਦੀ ਮੰਗ ਕਰ ਰਿਹਾ ਹੈ। ਕਿਉਂਕਿ ਉਸਨੇ ਸ਼ਿਕਾਇਤਕਰਤਾ ਨੂੰ ਕੰਮ ਨੇਪਰੇ ਚਾੜ੍ਹਨ ਦਾ ਭਰੋਸਾ ਦਿੰਦਿਆਂ ਕਿਹਾ ਹੈ ਕਿ ਇਸ ਸਬੰਧੀ ਤਹਿਸੀਲਦਾਰ ਅਤੇ ਫਰਦ ਕੇਂਦਰ ਦਾ ਮੈਨੇਜਰ ਇੱਕ ਲੱਖ ਰੁਪਏ ਰਿਸ਼ਵਤ ਮੰਗ ਰਹੇ ਹਨ। ਸ਼ਿਕਾਇਤਕਰਤਾ ਨੇ ਉਪਰੋਕਤ ਮੁਲਜ਼ਮ ਵੱਲੋਂ ਪੈਸਿਆਂ ਦੀ ਮੰਗ ਕਰਦੇ ਸਮੇਂ ਅਵਾਜ ਦੀ ਰਿਕਾਰਡਿੰਗ ਵੀ ਕਰ ਲਈ ਜੋ ਕਿ ਉਸਨੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਇਸ ਸਬੰਧੀ ਵਿਜੀਲੈਂਸ ਰੇਂਜ ਜਲੰਧਰ ਨੇ ਸ਼ਿਕਾਇਤ ਦੀ ਪੜਤਾਲ ਕਰਕੇ ਸ਼ਿਕਾਇਤਕਰਤਾ ਵੱਲੋਂ ਲਗਾਏ ਦੋਸ਼ਾਂ ਨੂੰ ਸਹੀ ਤੇ ਦਰੁੱਸਤ ਪਾਇਆ ਹੈ। ਇਸ ਰਿਪੋਰਟ ਦੇ ਆਧਾਰ ‘ਤੇ ਉਕਤ ਦੋਸ਼ੀ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁਲਜ਼ਮਾਂ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਆਹ ਸਮਾਗਮ ‘ਚ ਮਧੂ ਮੱਖੀਆਂ ਦਾ ਹਮਲਾ, 12 ਲੋਕ ਜ਼ਖਮੀ

ਲੋਕ ਬਾਣੀ/ ਨਵੀਂ ਦਿੱਲੀ:

ਰੰਗ ‘ਚ ਭੰਗ! ਮੱਧ ਪ੍ਰਦੇਸ਼ ਵਿੱਚ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਵਿਆਹ ਵਿੱਚ ਮਧੂ ਮੱਖੀਆਂ ਨੇ ਅਚਾਨਕ ਹਮਲਾ ਕਰ ਦਿੱਤਾ। ਇਸ ਹਾਦਸੇ ‘ਚ 12 ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਸਾਹਮਣੇ ਆਈ ਹੈ।



ਇਹ ਘਟਨਾ ਗੁਨਾ ਜ਼ਿਲੇ ‘ਚ ਇਕ ਵਿਆਹ ਸਮਾਰੋਹ ਦੌਰਾਨ ਵਾਪਰੀ, ਜਿੱਥੇ ਹੋਟਲ ਦੀ ਛੱਤ ‘ਤੇ ਮੌਜੂਦ ਮਧੂ-ਮੱਖੀਆਂ ਨੇ ਹਾਜ਼ਰ ਲੋਕਾਂ ‘ਤੇ ਹਮਲਾ ਕਰ ਦਿੱਤਾ। ਇਸ ਕਾਰਨ ਵਿਆਹ ਵਿੱਚ ਹਫੜਾ-ਦਫੜੀ ਮਚ ਗਈ ਅਤੇ ਮੱਖੀਆਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਲੋਕ ਆਪਣੇ ਆਪ ਨੂੰ ਬਚਾਉਣ ਲਈ ਇਧਰ-ਉਧਰ ਭੱਜਣ ਲੱਗੇ।

ਇਸ ਤੋਂ ਬਾਅਦ ਸਥਾਨਕ ਅਧਿਕਾਰੀ ਅਤੇ ਐਮਰਜੈਂਸੀ ਸੇਵਾਵਾਂ ਜ਼ਖਮੀ ਲੋਕਾਂ ਦੀ ਮਦਦ ਲਈ ਤੁਰੰਤ ਸਥਿਤੀ ‘ਤੇ ਪਹੁੰਚ ਗਈਆਂ। ਜ਼ਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਦੇਣ ਲਈ ਮੈਡੀਕਲ ਟੀਮਾਂ ਵੀ ਮੌਕੇ ‘ਤੇ ਪਹੁੰਚ ਗਈਆਂ। ਹਾਲਾਂਕਿ, ਗੰਭੀਰ ਜ਼ਖਮੀ ਹੋਏ ਕੁਝ ਵਿਅਕਤੀਆਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ। ਹੋਟਲ ਪ੍ਰਬੰਧਨ ਹੁਣ ਜਾਂਚ ਦੇ ਘੇਰੇ ਵਿੱਚ ਹੈ ਅਤੇ ਸਵਾਲ ਇਹ ਹੈ ਕਿ ਕੀ ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਸਹੀ ਸਾਵਧਾਨੀ ਵਰਤੀ ਸੀ।

# ਜਲੰਧਰ ਕਮਿਸ਼ਨਰੇਟ ਪੁਲਿਸ ਨੇ ਰੋਹਿਤ ਨੂੰ 200 ਗ੍ਰਾਮ ਹੈਰੋਇਨ ਸਮੇਤ ਕੀਤਾ ਕਾਬੂ

ਲੋਕ ਬਾਣੀ/ ਜਲੰਧਰ



ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ 200 ਗ੍ਰਾਮ ਹੈਰੋਇਨ ਸਮੇਤ ਇੱਕ ਅਪਰਾਧੀ ਨੂੰ ਕਾਬੂ ਕਰਕੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੂੰ ਸੂਹ ਮਿਲੀ ਸੀ ਕਿ ਸ਼ਹਿਰ ‘ਚ ਨਸ਼ਾ ਤਸਕਰੀ ਦਾ ਇੱਕ ਗਿਰੋਹ ਸਰਗਰਮ ਹੈ। ਇਸ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਪੁਲਿਸ ਨੇ ਟੀ ਪੁਆਇੰਟ ਜੋਗਿੰਦਰ ਨਗਰ, ਰਾਮਾ ਮੰਡੀ, ਜਲੰਧਰ ਨੇੜੇ ਜਾਲ ਵਿਛਾਇਆ ਹੋਇਆ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੇ ਹੁਸ਼ਿਆਰਪੁਰ ਵਾਲੇ ਪਾਸਿਓਂ ਇੱਕ ਟੋਇਟਾ ਇਨੋਵਾ ਕਾਰ ਨੰਬਰ ਪੀ.ਬੀ.08-ਈ.ਡੀ.-0214 ਨੂੰ ਰੋਕਿਆ।ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਪੁਲੀਸ ਨੇ ਗੱਡੀ ਦੀ ਤਲਾਸ਼ੀ ਲੈਣ ‘ਤੇ ਕਾਰ ਵਿੱਚੋਂ 200 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਤੁਰੰਤ ਕਾਰ ਚਾਲਕ ਰੋਹਿਤ ਕੁਮਾਰ ਪੁੱਤਰ ਗੁਲਜ਼ਾਰ ਕੁਮਾਰ ਵਾਸੀ ਮੁਹੱਲਾ ਜਸਵੰਤ ਨਗਰ ਤਰਨਤਾਰਨ ਨੂੰ ਕਾਬੂ ਕਰ ਲਿਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 51 ਮਿਤੀ 17-02-2024 ਅਧੀਨ 21-61-85 ਐਨ.ਡੀ.ਪੀ.ਐਸ ਐਕਟ ਦਰਜ ਕੀਤਾ ਗਿਆ ਹੈ।ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਜੇ ਅਪਰਾਧੀ ਦਾ ਕੋਈ ਵੀ ਪਿਛੋਕੜ ਦਾ ਪਤਾ ਨਹੀਂ ਲੱਗਾ ਹੈ। ਸ੍ਰੀ ਸਵਪਨ ਸ਼ਰਮਾ ਨੇ ਜਲੰਧਰ ਕਮਿਸ਼ਨਰੇਟ ਪੁਲਿਸ ਦੀ ਸ਼ਹਿਰ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਗੰਭੀਰਪੁਰ ਵਾਲਾ ਹਰਜੋਤ ਗੰਭੀਰ ਨਹੀਂ, ਅਧਿਆਪਕਾਂ ਦੇ ਮਸਲੇ ਹੱਲ ਕਰਨ ਲਈ ! ਸਿੱਖਿਆ ਮੰਤਰੀ ਦੀਆਂ ਦਰਾਂ 'ਤੇ ਪੁੱਜਿਆ DTF ਦਾ ਵੱਡਾ ਵਫ਼ਦ

ਲੋਕ ਬਾਣੀ/ ਚੰਡੀਗੜ੍ਹ




ਆਪ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਤੋਂ ਖ਼ਫ਼ਾ ਹੋਏ ਅਧਿਆਪਕਾਂ ਵੱਲੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਬੈਨਰ ਹੇਠ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਹੇਠ 'ਮਾਸ ਡੈਪੂਟੇਸ਼ਨ' ਦੇ ਰੂਪ ਵਿੱਚ ਪਹੁੰਚ ਕੀਤੀ ਅਤੇ ਮਸਲੇ ਹੱਲ ਨਾ ਹੋਣ 'ਤੇ ਮੁੜ ਸੰਘਰਸ਼ੀ ਬਿਗੁਲ ਬਜਾਉਣ ਦਾ ਐਲਾਨ ਕੀਤਾ ਹੈ।

ਇਸ ਮੌਕੇ ਸਿੱਖਿਆ ਮੰਤਰੀ ਨਾਲ 28 ਫਰਵਰੀ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਦਾ ਪੱਤਰ ਜਥੇਬੰਦੀ ਨੂੰ ਸੱਦਾ ਵੀ ਪ੍ਰਾਪਤ ਹੋਇਆ। ਇਸ ਦੌਰਾਨ ਪਿਛਲੇ ਚਾਰ ਮਹੀਨੇ ਤੋਂ 5994 ਈ.ਟੀ.ਟੀ. ਭਰਤੀ ਅਤੇ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਨੂੰ ਮੁਕੰਮਲ ਕਰਵਾਉਣ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰਾਂ ਦੇ ਧਰਨਿਆਂ ਵਿੱਚ ਵੀ ਸ਼ਮੂਲੀਅਤ ਕੀਤੀ ਗਈ ਅਤੇ ਭਰਤੀ ਪ੍ਰਕ੍ਰਿਆਵਾਂ ਪੂਰੀਆਂ ਕਰਨ ਦੀ ਮੰਗ ਕੀਤੀ ਗਈ। ਜਥੇਬੰਦੀ ਵੱਲੋਂ ਈ.ਟੀ.ਟੀ. ਅਧਿਆਪਕਾਂ ਨੂੰ ਸੰਘਰਸ਼ ਲਈ ਵਿੱਤੀ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕੇ ਐੱਸ.ਐੱਸ.ਏ. ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤੀਆਂ 8886 ਅਸਾਮੀਆਂ ਵਿੱਚੋਂ ਅਧਿਆਪਕ ਸਾਥੀ ਨਰਿੰਦਰ ਭੰਡਾਰੀ (ਕਪੂਰਥਲਾ) ਨੂੰ ਠੇਕਾ ਸਰਵਿਸ ਦੌਰਾਨ 8 ਸਾਲ ਪਹਿਲਾਂ ਟਿਊਸ਼ਨ ਪੜਾਉਣ ਦੇ ਮਨਘੜਤ ਹਵਾਲੇ ਨਾਲ ਜਾਰੀ ਗੈਰ ਵਾਜਿਬ ਟਰਮੀਨੇਸ਼ਨ ਤਜ਼ਵੀਜ ਦੇ ਅੜਿੱਕੇ ਕਰਕੇ ਸੇਵਾ ਕਨਫਰਮ ਨਹੀਂ ਹੋਈ, ਜਿਸ ਕਾਰਨ ਉਕਤ ਅਧਿਆਪਕ ਪਿਛਲੇ 13 ਸਾਲ ਤੋਂ ਨਿਗੂਣੀ ਤਨਖਾਹ 'ਤੇ ਹੀ ਗੁਜ਼ਾਰਾ ਕਰ ਰਿਹਾ ਹੈ।

ਇਸੇ ਢੰਗ ਨਾਲ 3442 ਭਰਤੀ ਦਾ ਅਧਿਆਪਕ ਰਵਿੰਦਰ ਕੰਬੋਜ (ਪਟਿਆਲਾ) ਨੂੰ ਪਿਛਲੇ 11 ਸਾਲਾਂ ਤੋਂ ਐੱਮ.ਫਿਲ. (ਐਜੂਕੇਸ਼ਨ) ਸੰਬੰਧਿਤ ਵਿਸ਼ੇ ਦੀ ਨਾ ਹੋਣ ਦਾ ਗੈਰ-ਵਾਜਿਬ ਕਾਰਨ ਦੱਸ ਕੇ ਰੈਗੂਲਰ ਆਰਡਰਾਂ ਨਹੀਂ ਜ਼ਾਰੀ ਕੀਤੇ, ਜਦਕਿ ਬਾਕੀ ਅਜਿਹੇ ਸਾਰੇ ਅਧਿਆਪਕ ਰੈਗੂਲਰ ਹੋ ਚੁੱਕੇ ਹਨ।

ਸਿੱਖਿਆ ਵਿਭਾਗ ਵੱਲੋਂ ਪਿਛਲੇ 6 ਸਾਲ ਤੋਂ ਦੱਬ ਕੇ ਰੱਖੀ ਈ.ਟੀ.ਟੀ. ਤੋਂ ਮਾਸਟਰ ਕਾਡਰ ਦੀ ਪੈਂਡਿੰਗ ਤਰੱਕੀ, ਮਾਸਟਰ, ਲੈਕਚਰਾਰ, ਹੈਡਮਾਸਟਰ, ਪ੍ਰਿੰਸੀਪਲਾਂ, ਸੀ.ਐਂਡ.ਵੀ. ਅਤੇ ਨਾਨ ਟੀਚਿੰਗ ਕਾਡਰਾਂ ਦੀਆਂ ਲਟਕੀਆਂ ਤਰੱਕੀਆਂ ਨੇਪਰੇ ਚਾੜਨ, ਇਸੇ ਢੰਗ ਨਾਲ 3582 ਅਤੇ 4161 ਭਰਤੀਆਂ 'ਤੇ ਨਿਯੁਕਤ ਅਧਿਆਪਕਾਂ ਲਈ ਕ੍ਰਮਵਾਰ 16 ਜੁਲਾਈ 2018 ਅਤੇ 9 ਮਈ 2022 ਤੋਂ ਸਾਰੇ ਆਰਥਿਕ ਲਾਭ ਲੈਣ, 5178, 3442, 7654 ਅਸਾਮੀਆਂ 'ਤੇ ਨਿਯੁਕਤ ਅਧਿਆਪਕਾਂ ਨੂੰ ਮੁੱਢਲੀ ਠੇਕਾ ਅਧਾਰਿਤ ਨਿਯੁਕਤੀ ਦੀ ਚੋਣ ਮੈਰਿਟ ਅਨੁਸਾਰ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਨ।

ਪ੍ਰਾਇਮਰੀ ਦੀਆਂ ਪੈਂਡਿੰਗ 5994, 2364, 6635 ਭਰਤੀਆਂ ਨੂੰ ਫੌਰੀ ਮੁਕੰਮਲ ਕਰਨ, ਪੁਰਸ਼ ਅਧਿਆਪਕਾਂ ਨੂੰ ਸਲਾਨਾ ਮਿਲਣਯੋਗ ਅਚਨਚੇਤ ਛੁੱਟੀਆਂ ਵਿੱਚ 10 ਤੋਂ 15 ਦਾ ਵਾਧਾ ਹੋਣ ਮੌਕੇ ਠੇਕਾ ਅਧਾਰਿਤ ਸੇਵਾ ਨੂੰ ਵੀ ਯੋਗ ਮੰਨਣ ਦਾ ਸਪੱਸ਼ਟੀਕਰਨ ਜ਼ਾਰੀ ਕਰਨ, ਸਿੱਧੀ ਭਰਤੀ ਸਕੂਲ ਮੁਖੀਆਂ ਅਤੇ ਲੈਕਚਰਾਰਾਂ ਨੂੰ ਉਚੇਰੀ ਜਿੰਮੇਵਾਰੀ ਇਨਕਰੀਮੈਂਟ ਦੇਣ, ਭ੍ਰਿਸ਼ਟਾਚਾਰ ਅਤੇ ਵੱਡੀਆਂ ਬੇਨਿਯਮੀਆਂ ਲਈ ਦੋਸ਼ੀ ਬੀ.ਪੀ.ਈ.ਓ. ਜਖਵਾਲੀ (ਫਤਹਿਗੜ੍ਹ ਸਾਹਿਬ) 'ਤੇ ਬਣਦੀ ਕਾਰਵਾਈ ਕਰਨ ਅਤੇ ਡੀ.ਬਾਰ. ਹੋਣ ਕਾਰਨ ਸਲਾਨਾ ਪ੍ਰਵੀਨਤਾ ਤਰੱਕੀ ਤੋਂ ਬਾਝੇ ਅਧਿਆਪਕਾਂ ਦੇ ਮਾਮਲੇ ਹੱਲ ਕਰਨ ਦੀ ਥਾਂ ਸਿੱਖਿਆ ਵਿਭਾਗ ਵੱਲੋਂ ਕੇਵਲ ਡੰਗ ਟਪਾਈ ਕੀਤੀ ਜਾ ਰਹੀ ਹੈ।

ਇਸ ਮੌਕੇ ਡੀ.ਟੀ.ਐੱਫ. ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਪਵਨ ਕੁਮਾਰ ਮੁਕਤਸਰ, ਹਰਵਿੰਦਰ ਅੱਲੂਵਾਲ, ਪ੍ਰਕਾਸ਼ ਰਾਮ ਫਾਜ਼ਿਲਕਾ, ਚਰਨਜੀਤ ਸਿੰਘ ਅੰਮ੍ਰਿਤਸਰ, ਰਾਜੇਸ਼ ਕੁਮਾਰ ਪਰਾਸ਼ਰ ਅੰਮ੍ਰਿਤਸਰ, ਕੁਲਦੀਪ ਸਿੰਘ ਵਰਨਾਲੀ ਅੰਮ੍ਰਿਤਸਰ, ਦੀਪਕ ਕੁਮਾਰ ਅੰਮ੍ਰਿਤਸਰ, ਅਮਰੀਕ ਸਿੰਘ ਮੋਹਾਲੀ, ਗਿਆਨ ਚੰਦ, ਪਰਮਿੰਦਰ ਮਾਨਸਾ, ਪ੍ਰਤਾਪ ਸਿੰਘ ਠੱਠਗੜ੍ਹ, ਪ੍ਰਿੰਸੀਪਲ ਲਖਵਿੰਦਰ ਸਿੰਘ, ਮੇਘ ਰਾਜ, ਹਰਿੰਦਰ ਪਟਿਆਲਾ, ਨਿਰਮਲ ਚੌਹਾਨਕੇ, ਭੁਪਿੰਦਰ ਪਟਿਆਲਾ, ਜੋਸ਼ੀਲ ਤਿਵਾੜੀ, ਜਸਵੀਰ ਸਿੰਘ ਜਲੰਧਰ ਤੋਂ ਇਲਾਵਾ 4161 ਦੇ ਸੂਬਾ ਆਗੂ ਬਲਕਾਰ ਸਿੰਘ, ਈ ਟੀ ਟੀ 5994 ਦੇ ਸੂਬਾ ਪ੍ਰਧਾਨ ਬਲਿਹਾਰ ਸਿੰਘ ਨੇ ਵੀ ਸੰਬੋਧਨ ਕੀਤਾ।

# ਰੋਸ ਪ੍ਰਦਰਸ਼ਨ ਕਰਨ ਵਾਲਿਆਂ ਦੀ ਬਿਨਾਂ ਵਾਰੰਟ ਹੋਵੇਗੀ ਗ੍ਰਿਫਤਾਰੀ ! ਕਿਸਾਨ ਅੰਦੋਲਨ ਵਿਚਾਲੇ ਭਾਜਪਾ ਸਰਕਾਰ ਦਾ ਵੱਡਾ ਫੈਸਲਾ

ਲੋਕ ਬਾਣੀ/ ਨਵੀਂ ਦਿੱਲੀ-



ਕਿਸਾਨ ਅੰਦੋਲਨ-2 ਦੇ ਵਿਚਾਲੇ ਯੂਪੀ ਦੀ ਭਾਜਪਾ ਸਰਕਾਰ ਨੇ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਹੁਕਮ ਜਾਰੀ ਕੀਤਾ ਹੈ ਕਿ ਅਗਲੇ 6 ਮਹੀਨਿਆਂ ਤੱਕ ਕੋਈ ਅੰਦੋਲਨ, ਪ੍ਰਦਰਸ਼ਨ ਜਾਂ ਹੜਤਾਲ ਨਹੀਂ ਕੀਤੀ ਜਾਵੇਗੀ। ਯੂਪੀ ਦੇ ਵਧੀਕ ਮੁੱਖ ਸਕੱਤਰ ਪਰਸੋਨਲ ਡਾਕਟਰ ਦੇਵੇਸ਼ ਚਤੁਰਵੇਦੀ ਨੇ ਵੀ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਨੋਟੀਫਿਕੇਸ਼ਨ ਵਿੱਚ ਇਸ ਪਾਬੰਦੀ ਲਈ ਜਨਹਿੱਤ ਨੂੰ ਆਧਾਰ ਬਣਾਇਆ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਅਗਲੇ 6 ਮਹੀਨਿਆਂ ਤੱਕ ਕਿਸੇ ਵੀ ਤਰ੍ਹਾਂ ਦਾ ਪ੍ਰਦਰਸ਼ਨ ਸੰਭਵ ਨਹੀਂ ਹੋਵੇਗਾ। ਜੇਕਰ ਕੋਈ ਵਿਰੋਧ ਜਾਂ ਹੜਤਾਲ ਕਰਦਾ ਪਾਇਆ ਗਿਆ ਤਾਂ ਉਸ ਨੂੰ ਬਿਨਾਂ ਕਿਸੇ ਵਾਰੰਟ ਦੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਨੋਟੀਫਿਕੇਸ਼ਨ ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਇਹ ਹੁਕਮ ਰਾਜ ਸਰਕਾਰ ਦੇ ਅਧੀਨ ਆਉਂਦੇ ਸਾਰੇ ਸਰਕਾਰੀ ਵਿਭਾਗਾਂ, ਸਾਰੀਆਂ ਨਿਗਮਾਂ ਅਤੇ ਅਥਾਰਟੀਆਂ 'ਤੇ ਲਾਗੂ ਕਰ ਦਿੱਤਾ ਗਿਆ ਹੈ। ਨੋਟੀਫਿਕੇਸ਼ਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਐਸਮਾ ਐਕਟ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਭਾਗ ਦੇ ਕਰਮਚਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਯੂਪੀ ਸਰਕਾਰ ਪਹਿਲਾਂ ਵੀ ਅਜਿਹਾ ਨੋਟੀਫਿਕੇਸ਼ਨ ਜਾਰੀ ਕਰ ਚੁੱਕੀ ਹੈ। ਦਰਅਸਲ 2023 'ਚ ਬਿਜਲੀ ਵਿਭਾਗ ਦੇ ਕਰਮਚਾਰੀ ਹੜਤਾਲ 'ਤੇ ਚਲੇ ਗਏ ਸਨ, ਜਿਸ ਦੌਰਾਨ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ।

ਸਰਕਾਰ ਨੇ ਐਸਮਾ ਐਕਟ ਲਾਗੂ ਕੀਤਾ ਹੈ ਜੋ ਅਜਿਹੇ ਹਾਲਾਤਾਂ ਵਿੱਚ ਹੀ ਲਾਗੂ ਹੁੰਦਾ ਹੈ ਅਤੇ ਇਸਨੂੰ 6 ਮਹੀਨਿਆਂ ਤੱਕ ਲਾਗੂ ਕੀਤਾ ਜਾ ਸਕਦਾ ਹੈ। ਅਸਲ ਵਿੱਚ ESMA ਯਾਨੀ ਜ਼ਰੂਰੀ ਸੇਵਾਵਾਂ ਪ੍ਰਬੰਧਨ ਐਕਟ ਦੀ ਵਰਤੋਂ ਹੜਤਾਲਾਂ ਜਾਂ ਪ੍ਰਦਰਸ਼ਨਾਂ ਨੂੰ ਰੋਕਣ ਲਈ ਕੀਤੀ ਜਾਂਦੀ ਹੈ।

# ਅਗਲੇ ਕੁੱਝ ਘੰਟਿਆਂ ਦੌਰਾਨ ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ 'ਚ ਪਵੇਗਾ ਭਾਰੀ ਮੀਂਹ, ਗੜੇਮਾਰੀ ਦੀ ਵੀ ਚੇਤਾਵਨੀ

ਲੋਕ ਬਾਣੀ/ ਚੰਡੀਗੜ੍ਹ

ਦੇਸ਼ 'ਚ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ, ਜਿਸ ਕਾਰਨ ਮੌਸਮ 'ਚ ਬਦਲਾਅ ਹੋਵੇਗਾ। ਦੇਸ਼ ਦੇ 6 ਸੂਬਿਆਂ 'ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਪਹਾੜੀ ਇਲਾਕਿਆਂ 'ਚ ਬਰਫਬਾਰੀ ਹੋ ਸਕਦੀ ਹੈ। ਇਸ ਦੇ ਨਾਲ ਹੀ ਮੌਸਮ ਵਿਭਾਗ ਚੰਡੀਗੜ੍ਹ ਦੇ ਵਲੋਂ ਪੰਜਾਬ ਤਕਰੀਬਨ ਸਾਰੇ ਜ਼ਿਲ੍ਹਿਆਂ ਚ ਭਾਰੀ ਮੀਂਹ ਅਤੇ ਗੜੇਮਾਰੀ ਹੋਣ ਬਾਰੇ ਅਲਰਟ ਜਾਰੀ ਕੀਤਾ ਗਿਆ ਹੈ।

ਦਿੱਲੀ-ਐੱਨਸੀਆਰ ਸਮੇਤ ਪੂਰੇ ਦੇਸ਼ 'ਚ ਅਗਲੇ 3 ਦਿਨਾਂ 'ਚ ਪੱਛਮੀ ਗੜਬੜੀ ਦਾ ਕਾਫੀ ਅਸਰ ਦੇਖਣ ਨੂੰ ਮਿਲੇਗਾ। ਕਈ ਸ਼ਹਿਰਾਂ 'ਚ ਤੇਜ਼ ਹਵਾਵਾਂ ਦੇ ਨਾਲ-ਨਾਲ ਹਲਕੀ ਬਾਰਿਸ਼ ਵੀ ਹੋਵੇਗੀ, ਜਿਸ ਨਾਲ ਤਾਪਮਾਨ 'ਚ ਗਿਰਾਵਟ ਆਵੇਗੀ।

ਮੌਸਮ ਵਿਭਾਗ ਦੀ ਮੰਨੀਏ ਤਾਂ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ, ਮੋਗਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਨਵਾਂਸ਼ਹਿਰ, ਲੁਧਿਆਣਾ, ਬਰਨਾਲਾ, ਸੰਗਰੂਰ, ਰੂਪਨਗਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਹਲਕੇ ਤੋਂ ਦਰਮਿਆਨੇ ਮੀਂਹ ਪੈਣ ਦੀ ਸੰਭਾਵਨਾ ਹੈ, ਉਥੇ ਹੀ ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਬਠਿੰਡਾ ਅਤੇ ਮਾਨਸਾ 'ਚ ਤੇਜ਼ ਹਵਾਵਾਂ ਦੇ ਨਾਲ ਮੀਂਹ ਅਤੇ ਗੜੇ ਪੈਣ ਦੀ ਸੰਭਾਵਨਾ ਹੈ।

ਰਾਜਧਾਨੀ ਦਿੱਲੀ ਵਿੱਚ ਅਗਲੇ 3 ਦਿਨਾਂ ਵਿੱਚ ਕਿਸੇ ਵੀ ਸਮੇਂ ਮੀਂਹ ਪੈ ਸਕਦਾ ਹੈ। ਅੱਜ ਤੋਂ ਮੌਸਮ ਖਰਾਬ ਹੋਣ ਦੀ ਸੰਭਾਵਨਾ ਹੈ। ਰਾਤ ਨੂੰ 30 ਤੋਂ 40 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ। ਮੰਗਲਵਾਰ-ਬੁੱਧਵਾਰ ਨੂੰ ਵੀ ਹਲਕੀ ਬਾਰਿਸ਼ ਹੋ ਸਕਦੀ ਹੈ।

# ਪੰਜਾਬ ਦੇ ਸਾਰੇ ਟੋਲ ਪਲਾਜੇ 22 ਫਰਵਰੀ ਤੱਕ ਹੋਏ ਫਰੀ

ਲੋਕ ਬਾਣੀ/ ਚੰਡੀਗੜ੍ਹ

ਪੰਜਾਬ ਦੇ ਸਾਰੇ ਟੋਲ ਪਲਾਜੇ ਜਿਹੜੇ 17 ਅਤੇ 18 ਫਰਵਰੀ ਤੱਕ ਫਰੀ ਰੱਖਣ ਦਾ ਐਲਾਨ ਕਿਸਾਨ ਜਥੇਬੰਦੀ ਉਗਰਾਹਾਂ ਵਲੋਂ ਕੀਤਾ ਗਿਆ ਸੀ, ਹੁਣ ਤਾਜਾ ਜਾਣਕਾਰੀ ਇਹ ਮਿਲੀ ਹੈ ਕਿ, 22 ਫਰਵਰੀ ਤੱਕ ਸਾਰੇ ਟੋਲ ਪਲਾਜ਼ੇ ਫਰੀ ਰਹਿਣਗੇ।

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾ ਵੱਲੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਧਰਨੇ ਕੱਲ੍ਹ ਤੱਕ ਬਾਦਸਤੂਰ ਜਾਰੀ ਰਹਿਣਗੇ। ਮੋਦੀ ਭਾਜਪਾ ਸਰਕਾਰ ਦੇ ਕਿਸਾਨ ਦੁਸ਼ਮਣ ਵਤੀਰੇ ਨੂੰ ਮੁੱਖ ਰੱਖਦਿਆਂ ਕੌਮੀ ਸੰਯੁਕਤ ਕਿਸਾਨ ਮੋਰਚੇ ਦਾ ਅੰਗ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਤਾਜ਼ਾ ਫ਼ੈਸਲੇ ਮੁਤਾਬਕ 20, 21 ਅਤੇ 22 ਫਰਵਰੀ ਨੂੰ ਪੰਜਾਬ ਦੇ ਜ਼ਿਲ੍ਹਾ ਪੱਧਰ ਤੋਂ ਲੈ ਕੇ ਸੂਬੇ ਤੱਕ ਸਾਰੇ ਭਾਜਪਾ ਆਗੂ ਅਤੇ ਸਾਂਸਦਾਂ ਵਿਧਾਇਕਾਂ ਦੇ ਘਰਾਂ ਅੱਗੇ ਦਿਨੇ ਰਾਤ ਰੋਸ ਧਰਨੇ ਲਾਏ ਜਾਣਗੇ ਅਤੇ ਸਾਰੇ ਟੋਲ ਮੁਕਤ ਕੀਤੇ ਜਾਣਗੇ। ਵੱਖ ਵੱਖ ਥਾਵਾਂ 'ਤੇ ਸੰਬੋਧਨ ਕਰਤਾ ਬੁਲਾਰਿਆਂ ਵੱਲੋਂ ਸ਼ੰਭੂ ਤੇ ਖਨੌਰੀ ਬਾਡਰਾਂ ਉੱਤੇ ਡਟੇ ਹੋਏ ਸੰਘਰਸ਼ਸ਼ੀਲ ਕਿਸਾਨਾਂ ਤੇ ਕਿਸਾਨ ਆਗੂਆਂ ਨੂੰ ਇਨ੍ਹਾਂ ਧਰਨਿਆਂ ਰਾਹੀਂ ਸੁਨੇਹਾ ਦਿੱਤਾ ਗਿਆ ਹੈ ਕਿ ਅਸੀਂ ਇਸ ਕਿਸਾਨ ਸੰਘਰਸ਼ ਨੂੰ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਤਾਲਮੇਲਵਾਂ ਕੌਮੀ ਸੰਘਰਸ਼ ਬਣਾਉਣ ਲਈ ਜੀ ਜਾਨ ਨਾਲ ਘੋਲ਼ ਦੇ ਮੈਦਾਨ ਵਿੱਚ ਕੁੱਦਣ ਦਾ ਫੈਸਲਾ ਕਰ ਲਿਆ ਹੈ। ਆਪਸੀ ਮੱਤਭੇਦਾਂ ਨੂੰ ਪਾਸੇ ਰੱਖਦਿਆਂ ਇੱਕਜੁੱਟ ਹੋ ਕੇ ਤਾਲਮੇਲਵੇਂ ਸਾਂਝੇ ਸੰਘਰਸ਼ ਰਾਹੀਂ ਫ਼ਿਰਕੂ, ਭੜਕਾਊ ਤੇ ਫੁੱਟਪਾਊ ਅਨਸਰਾਂ ਸਮੇਤ ਮੋਦੀ ਸਰਕਾਰ ਨੂੰ ਕਰਾਰੀ ਮਾਤ ਦਿੱਤੀ ਜਾ ਸਕਦੀ ਹੈ। ਕਿਸਾਨਾਂ ਦੇ ਜੇਤੂ ਦਿੱਲੀ ਘੋਲ਼ ਨੂੰ ਮੁਲਤਵੀ ਕਰਨ ਮੌਕੇ ਕੀਤੇ ਗਏ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ ਵਰਗੇ ਲਿਖਤੀ ਵਾਅਦੇ ਕਰਕੇ ਲਾਗੂ ਕਰਨ ਤੋਂ ਲਗਾਤਾਰ ਦੋ ਸਾਲ ਟਾਲ਼ਾ ਵੱਟਣ ਅਤੇ ਅਜੇ ਵੀ ਕਿਸਾਨਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਅਤੇ ਮੰਗਾਂ ਮੰਨਣ ਤੋਂ ਬਾਰ ਬਾਰ ਨਾਂਹ ਕਰਨ ਵਾਲ਼ੀ ਤਾਨਾਸ਼ਾਹ ਮੋਦੀ ਸਰਕਾਰ ਨੂੰ ਧਰਮਾਂ, ਜਾਤਾਂ, ਇਲਾਕਿਆਂ ਆਦਿ ਦੀਆਂ ਵਲਗਣਾਂ ਤੋਂ ਉਪਰ ਉੱਠ ਕੇ ਵਿਸ਼ਾਲ ਸਾਂਝੇ ਸੰਘਰਸ਼ ਰਾਹੀਂ ਹੀ ਹੱਕੀ ਕਿਸਾਨ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕਦਾ ਹੈ।




# ਖਾਲਸਾ ਕਾਲਜ ਵਿਖੇ ਅੰਗਰੇਜ਼ੀ ਵਿਭਾਗ ਵੱਲੋਂ ਕਰਵਾਇਆ ਗਿਆ ਗੈਸਟ ਲੈਕਚਰ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ, 19 ਫ਼ਰਵਰੀ(ਦਵਿੰਦਰਪਾਲ ਸਿੰਘ)



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਕਾਲਜ ਦੇ ਅੰਗਰੇਜ਼ੀ ਵਿਭਾਗ ਵੱਲੋਂ 'ਵਰਕ ਟੂ ਟੈਕਸਟ' ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ ਗਿਆ। ਇਹ ਗੈਸਟ ਲੈਕਚਰ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਸਹੀ ਢੰਗ ਤਰੀਕੇ ਨਾਲ ਕੰਮ ਕਰਨ ਪ੍ਰਤੀ ਜਾਗਰੂਕ ਕਰਨਾ ਸੀ। ਇਸ ਮੌਕੇ ਡਾ. ਅਕਸ਼ੇ ਕੁਮਾਰ (ਪ੍ਰੋ. ਡਿਪਾਰਟਮੈਂਟ ਆਫ਼ ਇੰਗਲਿਸ਼ ਅਤੇ ਕਲਚਰਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ ਸਪੀਕਰ ਵਜੋਂ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਨੇ ਆਸਾਨ ਭਾਸ਼ਾ ਵਿੱਚ ਗੁੰਝਲਦਾਰ ਧਾਰਨਾਵਾਂ ਨੂੰ ਸੁਲਝਾਉਣ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਇਸ ਮੌਕੇ ਕਾਲਜ ਵਾਈਸ ਪ੍ਰਿੰਸੀਪਲ ਡਾ. ਮਲਕੀਤ ਸਿੰਘ ਨੇ ਉਹਨਾਂ ਦਾ ਕਾਲਜ ਆਉਣ 'ਤੇ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹੇ ਲੈਕਚਰ ਵਿਦਿਆਰਥੀ ਵਰਗ ਦੇ ਜੀਵਨ ਵਿੱਚ ਭਵਿੱਖ 'ਚ ਮਿੱਥੇ ਹੋਏ ਨਿਸ਼ਾਨੇ 'ਤੇ ਪੁੱਜਣ ਲਈ ਸਹਾਈ ਹੁੰਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਸਿੱਖਿਅਕ ਗਤੀਵਿਧੀਆਂ ਦੇ ਨਾਲ-ਨਾਲ ਸੱਭਿਆਚਾਰਕ ਅਤੇ ਖੇਡਾਂ ਵੱਲ ਰੁਚੀ ਦਿਖਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਅਤੇ ਪ੍ਰੋ. ਪਰਵਿੰਦਰ ਕੌਰ ਨੇ ਮੰਚ ਸੰਚਾਲਨ ਵਜੋਂ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਰੇਖੀ, ਡਾ. ਨੇਹਾ ਪ੍ਰਭਾਕਰ, ਡਾ. ਬਲਜੀਤ ਸਿੰਘ ਚਾਨਾ, ਪ੍ਰੋ. ਦਿਲਸ਼ੇਰ ਬੀਰ ਸਿੰਘ, ਪ੍ਰੋ. ਸੋਨਲ, ਪ੍ਰੋ. ਦਰਸ਼ਪ੍ਰੀਤ ਕੌਰ, ਪ੍ਰੋ. ਜਸਪ੍ਰੀਤ ਕੌਰ ਅਤੇ ਪ੍ਰੋ. ਸਰਬਜੀਤ ਕੌਰ ਹਾਜ਼ਰ ਸਨ।

# ਕਿਸਾਨ ਮੋਰਚਾ ! ਸ਼ੰਭੂ ਬਾਰਡਰ 'ਤੇ ਡਟੀਆਂ ਹਜ਼ਾਰਾਂ ਔਰਤਾਂ, ਮੋਰਚਾ ਫਤਿਹ ਕਰਨ ਦੇ ਗੂੰਜ ਰਹੇ ਨੇ ਨਾਅਰੇ

ਲੋਕ ਬਾਣੀ/ ਚੰਡੀਗੜ੍ਹ-

ਕਿਸਾਨ ਮੋਰਚਾ! ਸ਼ੰਭੂ ਬਾਰਡਰ ਤੇ ਨੌਜਵਾਨਾਂ ਦੇ ਉਤਸ਼ਾਹ ਅਤੇ ਬਜ਼ੁਰਗਾਂ ਦੀ ਹਿੰਮਤ ਨੂੰ ਵੱਡੀ ਗਿਣਤੀ ਵਿੱਚ ਔਰਤਾਂ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ। ਕੁਝ ਔਰਤਾਂ ਬੱਚਿਆਂ ਨੂੰ ਵੀ ਨਾਲ ਲੈ ਕੇ ਆਈਆਂ ਹਨ। ਇਸ ਦੇ ਨਾਲ ਹੀ ਝੜਪ ਵਿੱਚ ਜ਼ਖਮੀ ਹੋਏ ਕਿਸਾਨ ਇਲਾਜ ਕਰਵਾ ਕੇ ਮੁੜ ਮੋਰਚੇ ਵਿੱਚ ਸ਼ਾਮਲ ਹੋ ਰਹੇ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ ਮੀਟਿੰਗ ਵਿੱਚ ਉਨ੍ਹਾਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ ਤਾਂ ਠੀਕ ਰਹੇਗਾ, ਨਹੀਂ ਤਾਂ ਉਹ ਮੋਰਚਾ ਜਿੱਤ ਕੇ ਹੀ ਆਪਣੇ ਘਰਾਂ ਨੂੰ ਪਰਤਣਗੇ। ਦੂਜੇ ਪਾਸੇ ਸਰਹੱਦ 'ਤੇ ਕਿਸਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸਰਹੱਦ ਤੋਂ ਕਰੀਬ ਪੰਜ ਕਿਲੋਮੀਟਰ ਤੱਕ ਸੜਕ ਹਜ਼ਾਰਾਂ ਟਰੈਕਟਰ-ਟਰਾਲੀਆਂ ਨਾਲ ਢਕੀ ਹੋਈ ਹੈ। ਇਨ੍ਹਾਂ ਦੀ ਗਿਣਤੀ ਸੱਤ ਹਜ਼ਾਰ ਦੇ ਕਰੀਬ ਦੱਸੀ ਜਾਂਦੀ ਹੈ।

ਪੰਜਾਬ ਤੋਂ ਹੀ ਨਹੀਂ ਸਗੋਂ ਰਾਜਸਥਾਨ ਅਤੇ ਹਰਿਆਣਾ ਤੋਂ ਵੀ ਕਿਸਾਨ ਮੋਰਚੇ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਇਸ ਦੇ ਨਾਲ ਹੀ ਉਹ ਸਰਹੱਦ ਤੋਂ ਕਰੀਬ ਇੱਕ ਕਿਲੋਮੀਟਰ ਪਹਿਲਾਂ ਲਗਾਏ ਗਏ ਰੱਸੇ 'ਤੇ ਵੀ ਡਿਊਟੀ ਦਿੰਦੇ ਰਹੇ।

ਕਿਸਾਨਾਂ ਨੇ ਆਪਣੇ ਟਰੈਕਟਰ-ਟਰਾਲੀਆਂ ਨੂੰ ਸੋਧ ਕੇ ਇਸ ਨੂੰ ਆਰਜ਼ੀ ਤੌਰ 'ਤੇ ਰੋਕ ਦਿੱਤਾ ਹੈ। ਇਸ ਵਿੱਚ ਲੰਗਰ ਬਣਾਉਣ ਲਈ ਲੋੜੀਂਦੀ ਹਰ ਚੀਜ਼, ਰਾਸ਼ਨ ਤੋਂ ਲੈ ਕੇ ਸਬਜ਼ੀਆਂ, ਗੱਦੇ, ਕੰਬਲ ਅਤੇ ਹੋਰ ਸਾਰੀਆਂ ਚੀਜ਼ਾਂ ਹਨ। ਪੰਜਾਬ ਦੇ ਕੋਨੇ-ਕੋਨੇ ਤੋਂ ਨੌਜਵਾਨਾਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਵਰਗ ਦੇ ਕਿਸਾਨ ਮੋਰਚੇ ਵਿੱਚ ਪੁੱਜੇ ਹਨ, ਜਿਨ੍ਹਾਂ ਦਾ ਮਨੋਬਲ ਉੱਚਾ ਹੈ।



ਕਿਸਾਨਾਂ ਦਾ ਕਹਿਣਾ ਹੈ ਕਿ ਇਹ ਬਚਾਅ ਦੀ ਲੜਾਈ ਹੈ। ਉਹ ਪਿੱਛੇ ਨਹੀਂ ਹਟੇਗਾ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਪਹਿਲਾਂ ਕਿਸਾਨ ਅੰਦੋਲਨ ਦੌਰਾਨ ਮੋਦੀ ਸਰਕਾਰ ਤੋਂ ਉਨ੍ਹਾਂ ਦੀਆਂ ਮੰਗਾਂ ਸਬੰਧੀ ਲਿਖਤੀ ਵਾਅਦਾ ਕਰ ਲਿਆ ਗਿਆ ਹੁੰਦਾ ਤਾਂ ਦੂਜੀ ਵਾਰ ਸੰਘਰਸ਼ ਕਰਨ ਦੀ ਲੋੜ ਹੀ ਨਾ ਪੈਂਦੀ। ਉਮੀਦ ਹੈ ਕਿ ਇਸ ਵਾਰ ਲਿਖਤੀ ਰੂਪ ਵਿੱਚ ਵਾਅਦੇ ਕੀਤੇ ਜਾਣਗੇ।

ਕਿਸਾਨ ਆਪਣੇ ਪੁੱਤਰਾਂ ਦੇ ਹੱਕ ਵਿੱਚ ਫਸਲਾਂ ਛੱਡ ਕੇ ਵੱਡੀ ਗਿਣਤੀ ਵਿੱਚ ਸ਼ੰਭੂ ਬਾਰਡਰ ਪਹੁੰਚ ਰਹੇ ਹਨ। ਜਿਸ ਘਰ ਵਿੱਚ ਫ਼ਸਲਾਂ ਦੀ ਦੇਖ-ਭਾਲ ਕਰਨ ਲਈ ਇੱਕ ਹੀ ਆਦਮੀ ਹੈ, ਉੱਥੇ ਹਾਜ਼ਰੀ ਵੀ ਦਰਜ ਕਰਵਾਈ ਜਾ ਰਹੀ ਹੈ। ਹੁਸ਼ਿਆਰਪੁਰ ਤੋਂ ਪਹੁੰਚੇ ਪਰਮਜੀਤ ਸਿੰਘ ਨੇ ਦੱਸਿਆ ਕਿ ਫਸਲਾਂ ਦੀ ਦੇਖ-ਭਾਲ ਕਰਨ ਵਾਲਾ ਉਨ੍ਹਾਂ ਦੇ ਪਿੱਛੇ ਕੋਈ ਨਹੀਂ ਹੈ। ਇੱਥੇ ਉਸ ਦੀ ਪਤਨੀ ਵੀ ਉਸ ਦੇ ਨਾਲ ਹੈ। ਨੇ ਕਿਹਾ ਕਿ ਉਹ ਮੌਸਮ ਦੀ ਮਾਰ ਵੀ ਝੱਲਦੇ ਹਨ, ਇਸ ਵਾਰ ਉਹ ਸੋਚਣਗੇ ਕਿ ਉਨ੍ਹਾਂ ਨੇ ਖੇਤੀ ਨੂੰ ਬਚਾਉਣ ਲਈ ਫਸਲਾਂ ਦੀ ਕੁਰਬਾਨੀ ਦਿੱਤੀ ਹੈ, ਪਰ ਆਪਣਾ ਹੱਕ ਲੈ ਕੇ ਹੀ ਵਾਪਸ ਆਉਣਗੇ। ਹਰਿਆਣਾ ਵੱਲੋਂ ਚਲਾਈਆਂ ਜਾ ਰਹੀਆਂ ਰਬੜ ਦੀਆਂ ਗੋਲੀਆਂ ਅਤੇ ਅੱਥਰੂ ਗੈਸ ਦੇ ਗੋਲਿਆਂ ਵਿਰੁੱਧ ਔਰਤਾਂ ਨੇ ਝੰਡਿਆਂ ਅਤੇ ਲਾਠੀਆਂ ਨਾਲ ਮੋਰਚਾ ਜਿੱਤਣ ਦਾ ਹੌਂਸਲਾ ਰੱਖਿਆ। ਇਨ੍ਹਾਂ ਵਿੱਚ 60 ਤੋਂ 80 ਸਾਲ ਦੀ ਉਮਰ ਦੀਆਂ ਕਈ ਬਜ਼ੁਰਗ ਔਰਤਾਂ ਵੀ ਸ਼ਾਮਲ ਹਨ ਪਰ ਬਜ਼ੁਰਗ ਹੋਣ ਦੇ ਬਾਵਜੂਦ ਉਨ੍ਹਾਂ ਵਿੱਚ ਹਿੰਮਤ ਦੀ ਕੋਈ ਕਮੀ ਨਹੀਂ ਹੈ। ਔਰਤਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੇ ਬੱਚੇ, ਭਰਾ ਅਤੇ ਪਤੀ ਆਪਣੇ ਹੱਕਾਂ ਲਈ ਸਰਹੱਦ 'ਤੇ ਨਿਹੱਥੇ ਲੜ ਰਹੇ ਹਨ ਤਾਂ ਉਹ ਘਰ ਕਿਵੇਂ ਬੈਠ ਸਕਦੇ ਹਨ।




# ਆਪ ਸਰਕਾਰ ਆਪ ਦੇ ਦੁਆਰ ਤਹਿਤ ਪਿੰਡ ਟਕਾਰਲਾ ਵਿਖੇ ਲਗਾਇਆ ਗਿਆ ਕੈਂਪ

**ਲੋਕ ਬਾਣੀ/ ਸਹੀਦ ਭਗਤ ਸਿੰਘ ਨਗਰ**

ਸਰਕਾਰੀ ਦਫਤਰਾਂ ਵਿੱਚ ਰੋਜ਼ ਮਰਾ ਦੇ ਕੰਮਾਂ ਦੌਰਾਨ ਆਮ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਤੋਂ ਨਿਜਾਤ ਦਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਆਪ ਦੀ ਸਰਕਾਰ ਆਪਦੇ ਦੁਆਰ ਤਹਿਤ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਵਜੋ ਵਿਧਾਨ ਸਭਾ ਹਲਕਾ ਬਲਾਚੌਰ ਦੇ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਦੀ ਰਹਿਨੁਮਾਈ ਹੇਠ ਬਲਾਕ ਬਲਾਚੌਰ ਅਧੀਨ ਆਉਂਦੇ ਪਿੰਡ ਟਕਾਰਲਾ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ.ਇਸ ਕੈਂਪ ਵਿੱਚ ਬਲਾਕ ਬਲਾਚੌਰ ਨਾਲ ਸਬੰਧਤ ਸਾਰੇ ਦਫਤਰਾਂ ਦੇ ਕਰਮਚਾਰੀ ਤੇ ਮੁਲਾਜ਼ਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਮੌਜੂਦ ਸਨ ਲੰਕੈਂਪ ਚ ਵਿਸ਼ੇਸ਼ ਤੋਰ ਤੇ ਪੁੱਜੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕੈਂਪ 'ਚ ਲੋਕਾਂ ਨੂੰ ਮਿਲ ਰਹੀਆਂ ਸੁਵਿਧਾਵਾਂ ਦਾ ਮੁਆਇਨਾ ਕੀਤਾ ਤੇ ਮੁਲਾਜਮਾ ਵੱਲੋਂ ਕੀਤੇ ਜਾਂ ਰਹੇ ਕੰਮਾਂ ਤੇ ਤਸੱਲੀ ਪ੍ਰਗਟਾਈ , ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਏ ਜਾ ਰਹੇ ਅਜਿਹੇ ਕੈਪਾਂ ਨਾਲ ਓਹਨਾ ਗਰੀਬ ਲੋਕਾਂ ਨੂੰ ਬਹੁਤ ਜਿਆਦਾ ਫਾਇਦਾ ਹੋਵੇਗਾ ਜਿਹੜੇ ਆਪਣੇ ਰੋਜ ਮਰਾ ਦੇ ਕੰਮਾਂ ਕਾਰਨ ਦਫਤਰਾਂ ਵਿੱਚ ਨਹੀ ਪਹੁੰਚ ਸਕਦੇ.ਇਸ ਮੌਕੇ ਪਿੰਡਾਂ ਤੇ ਕਸਬਿਆਂ ਵਿੱਚ ਪੰਜਾਬ ਸਰਕਾਰ ਵੱਲੋਂ ਲਗਾਏ ਕੈਪਾ ਦਾ ਲਾਭ ਲਿਆ ਜਾਵੇ । ਇਸ ਮੌਕੇ ਨਵਨੀਤ ਕੌਰ ਸਰਪੰਚ ਨਵਾਂ ਪਿੰਡ ਟਕਾਰਲਾ,ਗੁਰਮੀਤ ਕੌਰ ਸਰਪੰਚ ਟਕਾਰਲਾ,ਹਰਮੇਸ਼ ਲਾਲ ਸਰਪੰਚ ਟਕਾਰਲਾ ਉਪਰਲੀ ਪੱਟੀ,ਅਸ਼ੋਕ ਠੇਕੇਦਾਰ,ਮਨਜੀਤ ਸਿਆਣ ਸਾਬਕਾ ਪੰਚ,ਕਮਲਜੀਤ ਸਾਬਕਾ ਪੰਚ,ਦਿਵਾਨ ਚੰਦ, ਤਰਸੇਮ ਲਾਲ ਬੱਗੂ,ਬਕਸ਼ੀ ਰਾਮ ਚੌਕੀਦਾਰ ,ਡਾਕਟਰ ਬਿੰਦਰ ਆਦਿ ਹਾਜਰ ਸਨ.

# ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਮਿਡ-ਡੇ-ਮੀਲ ਅਤੇ ਆਸ਼ਾ ਵਰਕਰਾਂ ਦੀ ਪੁਲਿਸ ਨਾਲ ਧੱਕਾਮੁੱਕੀ

**ਲੋਕ ਬਾਣੀ/ ਸੰਗਰੂਰ**



'ਮਾਣਭੱਤਾ ਵਰਕਰਜ਼ ਸਾਂਝਾ ਮੋਰਚਾ' ਦੀ ਅਗਵਾਈ ਹੇਠ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਪੰਜਾਬ ਭਰ ਵਿੱਚੋਂ ਪੁੱਜੀਆਂ ਮਿਡ ਡੇ ਮੀਲ ਵਰਕਰਾਂ ਤੇ ਆਸ਼ਾ ਵਰਕਰਾਂ ਅਤੇ ਪੁਲਿਸ ਵਿਚਾਲੇ ਜ਼ਬਰਦਸਤ ਧੱਕਾਮੁੱਕੀ ਹੋਈ। ਅੱਜ ਸਵੇਰੇ ਤੋਂ ਹੀ 'ਮਾਣਭੱਤਾ ਵਰਕਰਜ਼ ਸਾਂਝਾ ਮੋਰਚਾ' ਦੀ ਅਗਵਾਈ ਹੇਠ ਪੰਜਾਬ ਭਰ ਵਿੱਚੋਂ ਸਥਾਨਕ ਵੇਰਕਾ ਮਿਲਕ ਪਲਾਂਟ ਵਿੱਚ ਇੱਕਤਰ ਹੋਈਆਂ ਮਾਣਭੱਤਾ ਮਿਡ ਡੇ ਮੀਲ ਵਰਕਰਾਂ ਅਤੇ ਅਤੇ ਆਸਾ ਵਰਕਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਗਈ।

ਇਸ ਮੌਕੇ ਸੂਬਾਈ ਆਗੂਆਂ ਲਖਵਿੰਦਰ ਕੌਰ ਕਮੇਆਣਾ ਅਤੇ ਮਨਦੀਪ ਕੌਰ ਬਿਲਗਾ ਦੀ ਅਗਵਾਈ ਹੇਠ ਪੰਜਾਬ ਸਰਕਾਰ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜ਼ੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ। ਮੁੱਖ ਮੰਤਰੀ ਦੀ ਕੋਠੀ ਲਾਗੇ ਧਰਨਾਕਾਰੀਆਂ ਅਤੇ ਪੁਲਿਸ ਵਿਚਾਲੇ ਜ਼ਬਰਦਸਤ ਧੱਕਾਮੁੱਕੀ ਹੋਈ ਅਤੇ ਪ੍ਰਸ਼ਾਸਨ ਵੱਲੋਂ ਸੜਕਾਂ ਉੱਪਰ ਲਗਾਈਆਂ ਗਈਆਂ ਰੋਕਾਂ ਨੂੰ ਤੋੜਦੇ ਹੋਏ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਦਰਵਾਜ਼ੇ ਅੱਗੇ ਜਾ ਕੇ ਸਰਕਾਰ ਦਾ ਜ਼ਬਰਦਸਤ ਪਿੱਟ ਸਿਆਪਾ ਕੀਤਾ।

ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂਆਂ ਮਮਤਾ ਸ਼ਰਮਾ, ਪਰਮਜੀਤ ਕੌਰ ਮਾਨ ਅਤੇ ਫੈਡਰੇਸ਼ਨ ਦੇ ਆਗੂ ਜਰਮਨਜੀਤ ਸਿੰਘ, ਹਰਦੀਪ ਟੋਡਰਪੁਰ ਅਤੇ ਹਰਿੰਦਰ ਦੁਸਾਂਝ ਨੇ ਕਿਹਾ ਕਿ ਮਾਣਭੱਤਾ ਮੁਲਾਜ਼ਮਾਂ ਨੂੰ ਪੱਕੇ ਕਰਾਉਣ, ਮਾਣਭੱਤਾ ਮੁਲਾਜ਼ਮਾਂ ਉੱਪਰ ਘੱਟੋ-ਘੱਟ ਉਜਰਤਾਂ ਦਾ ਕਾਨੂੰਨ ਲਾਗੂ ਕਰਵਾਉਣ, ਸਿਹਤ ਬੀਮਾ ਅਤੇ ਜੀਵਨ ਬੀਮਾ ਲਾਗੂ ਕਰਾਉਣ, ਰੈਗੂਲਰ ਮੁਲਾਜ਼ਮਾਂ ਵਾਂਗ ਛੁੱਟੀਆਂ ਲਾਗੂ ਕਰਵਾਉਣ, ਵਰਦੀਆਂ ਲਾਗੂ ਕਰਾਉਣ, ਵਰਦੀਆਂ ਲਈ ਵੱਖਰਾ ਫੰਡ ਜਾਰੀ ਕਰਾਉਣ ਆਦਿ ਸਮੇਤ ਮਾਣਭੱਤਾ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਮਨਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਪਹੁੰਚੀਆਂ ਸਨ। ਉੱਥੇ ਉਨ੍ਹਾਂ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦਿਆਂ ਪ੍ਰਸ਼ਾਸਨ ਵੱਲੋਂ ਸੜਕਾਂ ਉੱਪਰ ਲਗਾਈਆਂ ਗਈਆਂ ਰੋਕਾਂ ਨੂੰ ਤੋੜਦੇ ਅੱਗੇ ਵਧੇ ਜਿੱਥੇ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਨਾਲ ਧੱਕਾਮੁੱਕੀ ਕੀਤੀ ਗਈ।

ਇਸ ਮੌਕੇ ਵੱਖ-ਵੱਖ ਬੁਲਾਰਿਆ, ਪ੍ਰਵੀਨ ਕੁਮਾਰੀ, ਸਰਬਜੀਤ ਕੌਰ ਮਚਾਕੀ, ਹਰਪਾਲ ਕੌਰ, ਵੀਨਾ ਘੱਗਾ ਰਮਨਜੀਤ ਸਿੰਘ ਸੰਧੂ, ਸੁਖਵਿੰਦਰ ਲੀਲ੍ਹ, ਗੁਰਜੀਤ ਘੱਗਾ, ਗੁਰਿੰਦਰਜੀਤ ਸਿੰਘ, ਗੁਰਮੁਖ ਸਿੰਘ ਲੋਕਪ੍ਰੇਮੀ, ਨੇ ਸਰਕਾਰ ਤੋਂ ਉਹਨਾਂ ਦੀਆਂ ਮੰਗਾਂ ਨੂੰ ਮੰਨਣ ਦੀ ਮੰਗ ਕੀਤੀ। ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ ਤੇਜ ਕੀਤੇ ਜਾਣ ਵਾਲੇ ਸੰਘਰਸ਼ ਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ।

ਇਸ ਮੌਕੇ ਗੁਰਜੀਤ ਕੌਰ ਸ਼ਾਹਕੋਟ, ਕੁਲਵਿੰਦਰ ਕੌਰ ਫਗਵਾੜਾ, ਸੁਖਵੀਰ ਕੌਰ ਫਗਵਾੜਾ, ਕੁਲਵਿੰਦਰ ਕੌਰ, ਜਲੰਧਰ, ਪਿੰਕੀ, ਰੁਪਿੰਦਰ ਕੌਰ ਫਰੀਦਕੋਟ, ਮਨਪ੍ਰੀਤ ਕੌਰ ਲੁਧਿਆਣਾ, ਗੁਰਪ੍ਰੀਤ ਕੌਰ ਬਠਿੰਡਾ, ਰਜਨੀ ਘਰੋਟਾ, ਕਰਮਜੀਤ ਕੌਰ ਮੁਕਤਸਰ, ਗੁਰਮਿੰਦਰ ਕੌਰ ਗੁਰਦਾਸਪੁਰ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਐਂਟੀ ਫਰਾਡ ਯੂਨਿਟ ਕਰੇਗਾ ਨਿੱਜੀ ਹਸਪਤਾਲਾਂ ਦਾ ਲੇਖਾ ਜੋਖਾ - ਸਿਵਲ ਸਰਜਨ ਡਾ. ਔਲਖ

**ਲੋਕ ਬਾਣੀ/ ਲੁਧਿਆਣਾ, 19 ਫਰਵਰੀ (ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**



- ਸਿਵਲ ਸਰਜਨ ਲੁਧਿਆਣਾ ਡਾ. ਜਸਬੀਰ ਸਿੰਘ ਔਲਖ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਆਯੂਸਮਾਨ ਭਾਰਤ ਬੀਮਾ ਯੋਜਨਾ ਅਧੀਨ ਚੱਲ ਰਹੇ ਪ੍ਰਾਈਵੇਟ ਹਸਪਤਾਲਾਂ ਦਾ 20 ਅਗਸਤ 2019 ਤੋ 31 ਦਸੰਬਰ 2023 ਤੱਕ ਲੇਖਾ ਜੋਖਾ ਕੀਤਾ ਜਾਵੇਗਾ।

ਉਨਾਂ ਦੱਸਿਆ ਕਿ ਐਂਟੀ ਫਰਾਡ ਯੂਨਿਟ ਵੱਲੋਂ ਜ਼ਿਲ੍ਹਾ ਪੱਧਰ 'ਤੇ ਹਸਪਤਾਲਾਂ ਦੀ ਚੈਕਿੰਗ ਕੀਤੀ ਜਾਵੇਗੀ ਅਤੇ ਚੈਕਿੰਗ ਦੌਰਾਨ ਕਿਸੇ ਵੀ ਨਿੱਜੀ ਹਸਪਤਾਲ ਦਾ ਕੋਈ ਫਰਾਡ ਸਾਹਮਣੇ ਆਉਦਾ ਹੈ ਤਾਂ ਉਸ ਹਸਪਤਾਲ ਖਿਲਾਫ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਸਿਵਲ ਸਰਜਨ ਔਲਖ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿਚ ਆਯੂਸਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਚੱਲ ਰਹੇ ਨਿੱਜੀ ਹਸਪਤਾਲਾਂ ਦਾ ਆਡਿਟ ਕਰਨ ਲਈ ਜਿਲ੍ਹਾ ਪੱਧਰ ਤੇ ਜ਼ਿਲ੍ਹਾ ਐਂਟੀ ਫਰਾਡ ਯੂਨਿਟ ਗਠਤ ਕੀਤਾ ਗਿਆ ਹੈ ਜਿਸਦੇ ਤਹਿਤ ਡਿਪਟੀ ਮੈਡੀਕਲ ਕਮਿਸਨਰ ਡਾ. ਅਮਰਜੀਤ ਕੌਰ ਨੂੰ ਜਿਲ੍ਹਾ ਐਂਟੀ ਫਰਾਡ ਯੂਨਿਟ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ, ਗਠਤ ਕੀਤੀ ਗਈ ਕਮੇਟੀ ਵਿਚ ਡਾ ਰੁਪਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਕੂੰਮਕਲਾ, ਡਾ. ਵ੍ਰਨ ਸੱਗੜ ਸੀਨੀਅਰ ਮੈਡੀਕਲ ਅਫਸਰ ਹਠੂਰ, ਗੁਰਪ੍ਰੀਤ ਕੌਰ ਜ਼ਿਲ੍ਹਾ ਕੋਆਡੀਨੇਟਰ ਸਟੇਟ ਹੈਲਥ ਏਜੰਸੀ ਪੰਜਾਬ, ਡਾ. ਸ਼ਿਵਾਨੀ ਮੈਡੀਕਲ ਅਫਸਰ ਵੀਡਾਲ ਟੀ ਪੀ ਏ ਅਤੇ ਜਿਲ੍ਹਾ ਕੋਆਡੀਨੇਟਰ ਵੀਡਾਲ ਟੀ ਪੀ ਏ ਨੂੰ ਬਤੌਰ ਮੈਂਬਰ ਸਾਮਲ ਕੀਤਾ ਗਿਆ ਹੈ।




publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਮੋਦੀ 3.0 'ਚ ਦੇਸ਼ ਅੱਤਵਾਦ, ਵੱਖਵਾਦ ਅਤੇ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋਵੇਗਾ: ਅਮਿਤ ਸ਼ਾਹ

ਲੋਕ ਬਾਣੀ

ਦਿੱਲੀ ਵਿੱਚ ਚੱਲ ਰਹੇ ਭਾਜਪਾ ਦੇ ਰਾਸ਼ਟਰੀ ਸੰਮੇਲਨ 2024 ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਕਿਹਾ, ਅੱਜ ਦੇਸ਼ ਵਿੱਚ ਕੱਟੜਵਾਦ, ਅੱਤਵਾਦ ਅਤੇ ਨਕਸਲਵਾਦ ਆਪਣੇ ਆਖਰੀ ਸਾਹ ਲੈ ਰਹੇ ਹਨ। ਮੋਦੀ ਦੇ ਤੀਜੇ ਕਾਰਜਕਾਲ ਵਿੱਚ ਦੇਸ਼ ਵਿੱਚੋਂ ਅੱਤਵਾਦ ਦਾ ਖਾਤਮਾ ਹੋ ਜਾਵੇਗਾ। ਸਰਕਾਰ, ਵੱਖਵਾਦ ਅਤੇ ਨਕਸਲਵਾਦ ਪੂਰੀ ਤਰ੍ਹਾਂ ਮੁਕਤ ਹੋਵੇਗਾ।

ਦੇਸ਼ ਨੇ ਫੈਸਲਾ ਕਰ ਲਿਆ ਹੈ ਕਿ 2024 ਵਿੱਚ ਮੋਦੀ ਜੀ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਬਣਨਗੇ। ਚੋਣਾਂ ਤੋਂ ਪਹਿਲਾਂ ਹੋਣ ਵਾਲੇ ਇਸ ਰਾਸ਼ਟਰੀ ਸੰਮੇਲਨ ਦਾ ਉਦੇਸ਼ ਪ੍ਰਧਾਨ ਮੰਤਰੀ ਮੋਦੀ ਦਾ 2047 ਦੇ ਵਿਕਸਤ ਭਾਰਤ ਦਾ ਸੰਕਲਪ ਹੈ। ਸਾਡੀ ਪਾਰਟੀ ਇਹ ਸੰਦੇਸ਼ ਲੈ ਕੇ ਦੇਸ਼ ਦੇ ਹਰ ਹਿੱਸੇ ਵਿੱਚ ਜਾਵੇਗੀ। ਪੂਰੇ ਦੇਸ਼ ਵਿੱਚ ਕੋਈ ਸ਼ੱਕ ਨਹੀਂ ਹੈ। ਤੀਜੀ ਵਾਰ ਜਿੱਤ ਕੇ ਭਾਜਪਾ ਭਾਰਤ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦੇਵੇਗੀ।

ਧਿਆਨ ਯੋਗ ਹੈ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਕਿੰਨਾ ਰੌਲਾ ਪਾਇਆ ਸੀ। ਹਾਲਾਂਕਿ, ਅੱਜ ਉਹੀ ਜੰਮੂ-ਕਸ਼ਮੀਰ ਧਾਰਾ 370 ਹਟਾਏ ਜਾਣ ਤੋਂ ਬਾਅਦ ਨਵੇਂ ਬਦਲਾਅ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾਂ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮੁੱਚੇ ਵਿਕਾਸ ਨੂੰ ਅੱਗੇ ਵਧਾ ਕੇ ਅਰਥਚਾਰੇ ਨੂੰ 11ਵੇਂ ਨੰਬਰ ਤੋਂ 5ਵੇਂ ਨੰਬਰ 'ਤੇ ਲਿਆਉਣ ਦਾ ਕੰਮ ਕੀਤਾ ਹੈ। ਜਿਸ ਤਰ੍ਹਾਂ ਦਾ ਵਿਕਾਸ ਇਨ੍ਹਾਂ 10 ਸਾਲਾਂ ਵਿੱਚ ਹੋਇਆ ਹੈ। ਪੂਰੇ ਦੇਸ਼ ਵਿੱਚ ਕਿਤੇ ਵੀ ਕੋਈ ਸ਼ੱਕ ਨਹੀਂ ਹੈ ਕਿ ਪੀਐਮ ਮੋਦੀ ਦੁਬਾਰਾ ਪ੍ਰਧਾਨ ਮੰਤਰੀ ਬਣਨਗੇ।

ਇਸ ਦੇ ਨਾਲ ਹੀ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ 75 ਸਾਲਾਂ ਵਿੱਚ ਇਸ ਦੇਸ਼ ਨੇ 17 ਲੋਕ ਸਭਾ ਚੋਣਾਂ, 22 ਸਰਕਾਰਾਂ ਅਤੇ 15 ਪ੍ਰਧਾਨ ਮੰਤਰੀ ਦੇਖੇ ਹਨ। ਦੇਸ਼ ਦੀ ਹਰ ਸਰਕਾਰ ਨੇ ਆਪਣੇ ਸਮੇਂ ਅਨੁਸਾਰ ਵਿਕਾਸ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਅੱਜ ਮੈਂ ਬਿਨਾਂ ਕਿਸੇ ਭੰਬਲਭੂਸੇ ਦੇ ਕਹਿ ਸਕਦਾ ਹਾਂ ਕਿ ਸਰਵਪੱਖੀ ਵਿਕਾਸ, ਹਰ ਖੇਤਰ ਦੇ ਵਿਕਾਸ ਅਤੇ ਹਰ ਵਿਅਕਤੀ ਦੇ ਵਿਕਾਸ ਦਾ ਕੰਮ ਨਰਿੰਦਰ ਮੋਦੀ ਜੀ ਦੇ 10 ਸਾਲਾਂ ਵਿੱਚ ਹੀ ਹੋਇਆ ਹੈ। ਮੋਦੀ ਜੀ ਨੇ ਸਿਰਫ 10 ਸਾਲਾਂ ਵਿੱਚ ਭਾਈ-ਭਤੀਜਾਵਾਦ, ਜਾਤੀਵਾਦ ਅਤੇ ਤੁਸ਼ਟੀਕਰਨ ਨੂੰ ਖਤਮ ਕਰਨ ਦਾ ਕੰਮ ਕੀਤਾ ਹੈ।

ਭਾਰਤੀ ਗਠਜੋੜ ਅਤੇ ਕਾਂਗਰਸ ਪਾਰਟੀ ਨੇ ਹਮੇਸ਼ਾ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਤੁਸ਼ਟੀਕਰਨ, ਜਾਤੀਵਾਦ ਨੂੰ ਅੱਗੇ ਵਧਾਇਆ ਹੈ। ਹਾਲਾਂਕਿ ਇਨ੍ਹਾਂ 10 ਸਾਲਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਜੀ ਨੇ ਦੇਸ਼ ਵਿੱਚੋਂ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ, ਤੁਸ਼ਟੀਕਰਨ ਅਤੇ ਜਾਤੀਵਾਦ ਨੂੰ ਖ਼ਤਮ ਕਰਕੇ ਵਿਕਾਸ ਲਈ ਕੰਮ ਕੀਤਾ ਹੈ। ਰਾਜਨੀਤੀ ਦੇ ਚਾਣਕਯ ਸ਼ਾਹ ਕਾ ਨੇ ਅੱਗੇ ਕਿਹਾ, 'ਭਾਰਤੀ ਗਠਜੋੜ ਸੱਤ ਵੰਸ਼ਵਾਦੀ ਪਾਰਟੀਆਂ ਦਾ ਗਠਜੋੜ ਹੈ। ਜੋ ਕਿ ਇਸ ਦੇਸ਼ ਵਿੱਚ 2ਜੀ, 3ਜੀ ਅਤੇ 4ਜੀ ਹਨ।

ਇਹ ਕੋਈ ਮੋਬਾਈਲ ਨੈੱਟਵਰਕ ਨਹੀਂ ਸਗੋਂ ਵਿਰੋਧੀ ਧਿਰ ਦਾ ਕਿਰਦਾਰ ਹੈ। 2ਜੀ ਦਾ ਅਰਥ ਹੈ ਦੋ ਪੀੜ੍ਹੀ, 3ਜੀ ਦਾ ਅਰਥ ਹੈ ਤਿੰਨ ਪੀੜ੍ਹੀ ਅਤੇ 4ਜੀ ਦਾ ਅਰਥ ਹੈ ਚਾਰ ਪੀੜ੍ਹੀ। ਵਿਰੋਧੀ ਧਿਰ ਦੀਆਂ ਚਾਰ ਪੀੜ੍ਹੀਆਂ ਸ਼ਿਕਾਇਤਾਂ ਦੀ ਰਾਜਨੀਤੀ ਕਰ ਰਹੀਆਂ ਹਨ। ਇਸ ਦੇਸ਼ ਦਾ ਰਾਸ਼ਟਰਪਤੀ ਕਬਾਇਲੀ ਪਰਿਵਾਰ ਤੋਂ ਆਉਂਦਾ ਹੈ। ਪ੍ਰਧਾਨ ਮੰਤਰੀ ਮੋਦੀ ਜੀ ਅਤੇ ਭਾਜਪਾ ਨੇ ਇੱਕ ਗਰੀਬ ਆਦਿਵਾਸੀ ਧੀ ਨੂੰ ਮਹਾਮਹਿਮ ਦ੍ਰੋਪਦੀ ਮੁਰਮੂ ਬਣਾ ਕੇ ਸਾਰੇ ਕਬੀਲਿਆਂ ਨੂੰ ਸਨਮਾਨਿਤ ਕੀਤਾ। ਇਸ ਦੇਸ਼ ਦਾ ਉਪ ਰਾਸ਼ਟਰਪਤੀ ਇੱਕ ਕਿਸਾਨ ਦਾ ਪੁੱਤਰ ਹੈ। ਭਾਜਪਾ ਵਿੱਚ ਬੂਥ ਦਾ ਕੰਮ ਕਰਨ ਵਾਲਾ ਵਿਅਕਤੀ ਦੇਸ਼ ਦਾ ਰਾਸ਼ਟਰਪਤੀ ਬਣ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਵੀ ਬਣ ਸਕਦਾ ਹੈ। ਇਹ ਸਹੂਲਤ ਸਿਰਫ਼ ਭਾਜਪਾ ਵਿੱਚ ਹੀ ਹੈ, ਕਿਉਂਕਿ ਅਸੀਂ ਆਪਣੀ ਪਾਰਟੀ ਨੂੰ ਲੋਕਤੰਤਰੀ ਪਾਰਟੀ ਬਣਾ ਕੇ ਰੱਖਿਆ ਹੈ।






# ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿਚ ਬਛੂਆਂ ਅਤੇ ਬਹਿਰਾਮ ਟੌਲ ਪਲਾਜੇ 20,21,22 ਫਰਵਰੀ ਨੂੰ ਫ੍ਰੀਅ ਕਰਨ ਦਾ ਫੈਸਲਾ

## 22 ਫਰਵਰੀ ਨੂੰ ਡੀ.ਸੀ ਦਫਤਰ ਅੱਗੇ ਜਿਲਾ ਪੱਧਰੀ ਧਰਨਾ

ਲੋਕ ਬਾਣੀ/ ਸਹੀਦ ਭਗਤ ਸਿੰਘ ਨਗਰ 19 ਫਰਵਰੀ

ਇੱਥੇ ਸੰਯੁਕਤ ਕਿਸਾਨ ਮੋਰਚਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਮੀਟਿੰਗ ਕਰਕੇ ਜਿਲ੍ਹੇ ਦੇ ਬਹਿਰਾਮ ਅਤੇ ਬਛੂਆਂ ਟੌਲ ਪਲਾਜੇ 20 ਫਰਵਰੀ ਸਵੇਰੇ 11 ਵਜੇ ਤੋਂ 22 ਫਰਵਰੀ ਤੱਕ ਲਗਾਤਾਰ ਫ੍ਰੀਅ ਕਰਨ ਅਤੇ 22 ਫਰਵਰੀ ਨੂੰ ਡਿਪਟੀ ਕਮਿਸ਼ਨਰ ਦਫਤਰ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਹੈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਜਿਲ੍ਹਾ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦਿੱਲੀ ਕਿਸਾਨ ਮੋਰਚੇ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਕੋਲ ਲਿਖਤੀ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ ਜਿਸ ਕਾਰਨ ਇਹ ਸੰਘਰਸ਼ ਦੀ ਰੂਪ ਰੇਖਾ ਉਲੀਕੀ ਗਈ ਹੈ।ਆਗੂਆਂ ਨੇ ਕਿਹਾ ਕਿ ਟੌਲ ਪਲਾਜਿਆਂ ਉੱਤੇ ਕਿਸਾਨ ਦਿਨ ਰਾਤ ਦੇ ਧਰਨੇ ਦੇਣਗੇ।ਇਸ ਮੌਕੇ ਮੀਟਿੰਗ ਨੂੰ ਸੀਟੂ ਦੇ ਸੂਬਾ ਪ੍ਰਧਾਨ ਮਹਾਂ ਸਿੰਘ ਰੌੜੀ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ,ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ,ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵੀਰ ਸਿੰਘ ਜਾਡਲਾ,ਦੋਆਬਾ ਕਿਸਾਨ ਯੂਨੀਅਨ ਦੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ)ਦੇ ਆਗੂ ਰਣਜੀਤ ਸਿੰਘ ਰਟੈਂਡਾ,ਬੀ ਕੇ ਯੂ ਦੇ ਜਿਲਾ ਪ੍ਰਧਾਨ ਸੰਤੋਖ ਸਿੰਘ ਕਾਹਮਾ ਬੀ ਕੇ ਯੂ(ਰਾਜੇਵਾਲ),ਗੁਰਬਖਸ਼ ਸਿੰਘ ਦੋਆਬਾ ਕਿਸਾਨ ਯੂਨੀਅਨ,ਇਫਟੂ ਦੇ ਆਗੂ ਜਸਬੀਰ ਦੀਪ ,ਜੁਗਿੰਦਰ ਸਿੰਘ ਰੰਧਾਵਾ ਕੌਮੀ ਕਿਸਾਨ ਯੂਨੀਅਨ, ਤਰਸੇਮ ਸਿੰਘ ਬੈਂਸ, ਰੇਵਲ ਸਿੰਘ ਮੁਬਾਰਕ ਪੁਰ,ਹਰਪਾਲ ਸਿੰਘ ਜਗਤ ਪੁਰ ਆਗੂਆਂ ਨੇ ਕਿਹਾ ਕਿ ਇਹ ਸੰਘਰਸ਼ ਹਰ ਫਸਲ ਉੱਤੇ ਐਮ.ਐਸ ਪੀ ਦੀ ਗਾਰੰਟੀ ਦੇਣ, ਚਿੱਪ ਵਾਲੇ ਬਿਜਲੀ ਮੀਟਰ ਲਾਉਣੇ ਬੰਦ ਕਰਨ,ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ,ਕਿਸਾਨਾਂ-ਮਜਦੂਰਾਂ ਦਾ ਸਮੁੱਚਾ ਕਰਜਾ ਮੁਆਫ ਕਰਨ,ਵੱਡੇ ਮੌਲ ਬੰਦ ਕਰਨ,ਲਖੀਮ ਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ,ਕਿਸਾਨੀ ਮੋਰਚੇ ਵਿਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ,ਚਾਰ ਕਿਰਥ ਕੋਡ ਰੱਦ ਕਰਨ ਆਦਿ ਮੰਗਾਂ ਨੂੰ ਲੈਕੇ ਦਿੱਤਾ ਗਿਆ ਹੈ। ਆਗੂਆਂ ਨੇ ਮੋਦੀ ਸਰਕਾਰ ਉੱਤੇ ਵਰ੍ਹਦਿਆਂ ਕਿਹਾ ਕਿ ਇਸ ਸਰਕਾਰ ਦਾ ਕੋਈ ਦੀਨ-ਈਮਾਨ ਨਹੀਂ ਹੈ। ਇਸ ਮੌਕੇ ਜਰਨੈਲ ਸਿੰਘ ਰਾਣੇਵਾਲ,ਸਵਰਨ ਸਿੰਘ ਬੀ ਕੇ ਯੂ(ਰਾਜੇਵਾਲ), ਗੁਰਮੁੱਖ ਸਿੰਘ ਬੱਲ,ਗੁਰਤੇਗ ਸਿੰਘ ਹਿਆਲਾ,ਬਲਕਰਨ ਸਿੰਘ ਬਰਾੜ, ਰਾਮਜੀ ਦਾਸ ਸਨਾਵਾ,ਜੁਗਿੰਦਰ ਸਿੰਘ ਰੰਧਾਵਾ ਆਗੂ ਵੀ ਮੌਜੂਦ ਸਨ।




# ਚੰਡੀਗੜ੍ਹ ਵਿੱਚ ਵਾਪਰੇ ਘਟਨਾਕ੍ਰਮ ਨੂੰ ਲੈ ਕੇ ਬਾਰ ਐਸੋਸੀਏਸ਼ਨ ਨੇ ਕੀਤੀ ਇੱਕ ਰੋਜਾ ਹੜਤਾਲ

ਲੋਕ ਬਾਣੀ/ ਸ੍ਰੀ ਅਨੰਦਪੁਰ ਸਾਹਿਬ 19 ਫਰਵਰੀ (ਦਵਿੰਦਰਪਾਲ ਸਿੰਘ):

ਸਥਾਨਕ ਬਾਰ ਐਸੋਸੀਏਸ਼ਨ ਵਲੋਂ ਚੰਡੀਗੜ੍ਹ ਵਿੱਚ ਵਾਪਰੇ ਘਟਨਾਕ੍ਰਮ ਨੂੰ ਲੈ ਕੇ ਪ੍ਰਧਾਨ ਐਡਵੋਕੇਟ ਦੌਲਤ ਸਿੰਘ ਚੱਬਰੇਵਾਲ ਦੀ ਅਗਵਾਈ ਹੇਠ ਇੱਕ ਰੋਜਾ ਹੜਤਾਲ ਕੀਤੀ ਗਈ। ਇਸ ਸਬੰਧੀ ਐਡ. ਚੱਬਰੇਵਾਲ ਨੇ ਦੱਸਿਆ ਕਿ ਚੰਡੀਗੜ੍ਹ ਵਿਖੇ ਜਿੱਥੇ ਵਕੀਲ ਭਾਈਚਾਰੇ ਤੇ ਹਮਲਾ ਕਰਨ ਤੋਂ ਬਾਅਦ ਦੋਸ਼ੀ ਧਿਰ ਵਲੋਂ ਧੱਕਾ ਕੀਤਾ ਗਿਆ ਉੱਥੇ ਹੀ ਚੰਡੀਗੜ੍ਹ ਪੁਲਿਸ ਵਲੋਂ ਵੀ ਵਕੀਲ ਭਾਈਚਾਰੇ ਦਾ ਸਾਥ ਦੇਣ ਦੀ ਬਜਾਏ ਦੂਜੀ ਧਿਰ ਨਾਲ ਮਿਲ ਕੇ ਨਰਮ ਵਤੀਰਾ ਅਪਣਾਇਆ ਗਿਆ।ਜਿਸ ਦੀ ਬਾਰ ਐਸੋਸੀਏਸ਼ਨ ਸਖਤ ਸਬਦਾ ਨਾਲ ਨਿੰਦਾ ਕਰਦੀ ਹੈ। ਉਹਨਾ ਕਿਹਾ ਕਿ ਚੰਡੀਗੜ੍ਹ ਪੁਲਿਸ ਦੋਸ਼ੀ ਧਿਰ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰੇ।

ਇਸ ਮੌਕੇ ਸਕੱਤਰ ਜ਼ਸਵਿੰਦਰ ਸਿੰਘ ਗੋਲਣੀ, ਐਚ.ਐਸ. ਵਾਲੀਆ, ਜੀ.ਪੀ.ਐਸ. ਖੋਖਰ, ਸੁਰੇਸ਼ ਸ਼ਰਮਾ, ਐਚ.ਐਸ. ਲੌਂਗੀਆਂ, ਅਬਦ ਬਿਹਾਰੀ ਚੇਤਲ, ਦਵਿੰਦਰ ਚੌਧਰੀ, ਗੁਰਪ੍ਰੀਤ ਸਿੰਘ ਢਿੱਲੋ, ਚੰਨਣ ਸਿੰਘ ਵਿਰਕ, ਨਰਿੰਦਰ ਪਰਾਸਰ, ਮੀਨਾ ਕਾਲੀਆ, ਰਿਸ਼ੂ ਪਾਠਕ, ਪੀ.ਕੇ. ਉੱਪਲ, ਦੀਕਸ਼ਾ, ਸੁਜਾਨ ਬੱਗਾ, ਮਨਦੀਪ ਸਿੰਘ ਸੈਣੀ, ਦਿਨੇਸ਼ ਵਾਰਡਾ, ਗੁਰਵਿੰਦਰ ਸਿੰਘ ਬਡਵਾਲ ਸਮੇਤ ਵੱਡੀ ਗਿਣਤੀ ਵਿੱਚ ਵਕੀਲ ਹਾਜਰ ਸਨ।



# ਪਿੰਡ ਆਲੋਵਾਲ ਦੇ ਵਿਧਵਾ ਕਿਸਾਨ ਔਰਤ ਨੂੰ ਇਨਸਾਫ ਦਿਵਾਉਣ ਲਈ ਕਿਰਤੀ ਕਿਸਾਨ ਯੂਨੀਅਨ ਦਾ ਵਫਦ ਡੀ.ਸੀ ਅਤੇ ਐਸ.ਐਸ.ਪੀ ਨੂੰ ਮਿਲਿਆ

ਲੋਕ ਬਾਣੀ/ ਸ਼ਹੀਦ ਭਗਤ ਸਿੰਘ ਨਗਰ 19 ਫਰਵਰੀ

ਕਿਰਤੀ ਕਿਸਾਨ ਯੂਨੀਅਨ ਦੀ ਜਿਲਾ ਕਮੇਟੀ ਨੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਦੀ ਅਗਵਾਈ ਵਿਚ ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ ਨੂੰ ਮਿਲਕੇ ਬੀਤੇ ਕੱਲ ਰੁਪਿੰਦਰ ਕੌਰ ਵਿਧਵਾ ਹਰਵੰਤ ਸਿੰਘ ਵਾਸੀ ਸ਼ਕਤੀ ਨਗਰ ,ਕੁਲਾਮ ਰੋਡ ਨਵਾਂਸ਼ਹਿਰ ਦੇ ਪਿੰਡ ਆਲੋਵਾਲ(ਤਹਿਸੀਲ ਬਲਾਚੌਰ)ਵਿਖੇ ਫਾਰਮ ਹਾਉਸ ਉੱਤੇ ਕਬਜਾ ਕਰਨ ਦੀ ਨੀਅਤ ਨਾਲ ਗੱਡੀਆਂ ਵਿਚ 50-60 ਵਿਅਕਤੀਆਂ ਨੂੰ ਲੈਕੇ ਆਏ ਦਿਨੇਸ਼ ਕੁਮਾਰ ਵਾਸੀ ਮਲੇਰਕੋਟਲਾ, ਸੰਦੀਪ ਕੁਮਾਰ ਵਾਸੀ ਸਿਆਣਾ,ਬਲਾਚੌਰ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਰੁਪਿੰਦਰ ਕੌਰ ਨੇ ਆਖਿਆ ਹੈ ਕਿ ਉਹ ਕਰੀਬ17 ਏਕੜ ਜਮੀਨ ਉੱਤੇ ਖੇਤੀ ਕਰਦੇ ਹਨ ਜੋ ਉਹਨਾਂ ਦੀ ਜੱਦੀ ਜਮੀਨ ਹੈ।ਇਸ ਜਮੀਨ ਦਾ ਉਸਦੇ ਸਹੁਰੇ ਰਜਿੰਦਰ ਸਿੰਘ ਨਾਲ ਅਦਾਲਤੀ ਕੇਸ ਚੱਲਦਾ ਹੈ।ਅਦਾਲਤੀ ਕੇਸ ਚੱਲਦਾ ਹੋਣ ਦੇ ਬਾਵਜੂਦ ਰਜਿੰਦਰ ਸਿੰਘ ਨੇ ਤੱਥ ਛੁਪਾਕੇ ਅਤੇ ਮਾਲ ਵਿਭਾਗ ਦੇ ਨਿਯਮਾਂ ਨੂੰ ਛਿੱਕੇ ਟੰਗਕੇ ਇਹ ਜਮੀਨ ਉਕਤ ਦੋ ਵਿਅਕਤੀਆਂ ਨੂੰ ਵੇਚ ਦਿੱਤੀ।ਜਮੀਨ ਦਾ ਇੰਤਕਾਲ ਰੋਕਣ ਲਈ ਤਹਿਸੀਲਦਾਰ ਬਲਾਚੌਰ ਨੂੰ ਦਰਖਾਸਤ ਦਰਿਆਫਤ ਹੈ




ਜਿਸਤੇ ਉਕਤ ਕੇਸ 20 ਫਰਵਰੀ 2024 ਨੂੰ ਐਸ.ਡੀ.ਐਮ ਬਲਾਚੌਰ ਕੋਲ ਸੁਣਵਾਈ ਅਧੀਨ ਹੈ।ਰੁਪਿੰਦਰ ਕੌਰ ਦਾ ਕਹਿਣਾ ਹੈ ਕਿ ਉਕਤ ਵਿਅਕਤੀਆਂ ਨੇ ਬੀਤੇ ਕੱਲ੍ਹ ਉਹਨਾਂ ਦੇ ਫਾਰਮ ਹਾਉਸ ਦੇ ਜਿੰਦਰੇ ਤੋੜਕੇ ਸੀਸੀਟੀਵੀ ਕੈਮਰੇ ਤੋੜ ਸੁੱਟੇ।ਉਹਨਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਪੜਤਾਲ ਕਰਕੇ ਕਥਿਤ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।




# ਮੰਗਾਂ ਨਾ ਮੰਨੀਆ ਤਾਂ 29 ਨੂੰ ਹੋਵੇਗੀ ਹੜਤਾਲ

ਲੋਕ ਬਾਣੀ/ ਸ਼੍ਰੀ ਅਨੰਦਪੁਰ ਸਾਹਿਬ 19 ਫਰਵਰੀ (ਦਵਿੰਦਰਪਾਲ ਸਿੰਘ):

ਪੰਜਾਬ ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਐਸਐਲਸੀ ਪੰਜਾਬ ਸਟੇਟ ਜਤਿੰਦਰਾ ਕੁਮਾਰ ਦੇ ਨਾਲ ਚੰਡੀਗੜ੍ਹ ਵਿਖੇ ਹੋਈ ਜਿਨਾਂ ਦੇ ਨਾਲ ਹੋਰ ਸਰਕਾਰੀ ਅਧਿਕਾਰੀ ਵੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਪੰਜਾਬ ਦੇ ਕੋਆਰਡੀਨੇਟਰ ਕੁਲਵੰਤ ਸਿੰਘ ਬਾਠ ਨੇ ਦੱਸਿਆ ਕਿ ਉਹਨਾਂ ਵੱਲੋਂ 22 ਫਰਵਰੀ ਨੂੰ ਮੁੰਬਈ ਵਿਖੇ ਹੋਣ ਵਾਲੀ ਆਲ ਇੰਡੀਆ ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਦੀ ਮੀਟਿੰਗ ਦਾ ਵੇਰਵਾ ਦਿੰਦੇ ਹੋਏ 22 ਤਰੀਕ ਨੂੰ ਹੋਣ ਵਾਲੀ ਹੜਤਾਲ ਨੂੰ ਵਾਪਸ ਲੈਣ ਦੀ ਗੱਲ ਕਹੀ ਗਈ ਜਿਸ ਨੂੰ ਦੇਖਦੇ ਹੋਏ ਐਸੋਸੀਏਸ਼ਨ ਨੇ ਫੈਸਲਾ ਕੀਤਾ ਕੀ ਅਗਰ 22 ਤਰੀਕ ਨੂੰ ਕੋਈ ਸਾਰਥਕ ਹੱਲ ਨਾ ਨਿਕਲਿਆ ਤਾਂ 29 ਫਰਵਰੀ ਨੂੰ ਅਸੀਂ ਹੜਤਾਲ ਤੇ ਜਾਵਾਂਗੇ। ਦੱਸਣ ਯੋਗ ਹੈ ਕਿ ਪੈਟਰੋਲ ਪੰਪ ਐਸੋਸੀਏਸ਼ਨ ਵੱਲੋਂ ਡੀਲਰ ਕਮਿਸ਼ਨ ਨਾ ਵਧਾਏ ਜਾਣ ਕਾਰਨ 22 ਫਰਵਰੀ ਨੂੰ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਸਰਕਾਰ ਵੱਲੋਂ 22 ਤਾਰੀਖ ਦੀ ਹੜਤਾਲ ਵਾਪਸ ਲੈਣ ਦੀ ਕੀਤੀ ਗਈ ਅਪੀਲ ਨੂੰ ਮੁੱਖ ਰੱਖਦਿਆਂ ਇਹ ਹੜਤਾਲ ਰੱਦ ਕੀਤੀ ਗਈ ਪਰ ਜੇਕਰ ਕੋਈ ਠੋਸ ਹੱਲ ਨਾ ਨਿਕਲਿਆ ਤਾਂ ਨਾਲ ਹੀ 29 ਫਰਵਰੀ ਦੀ ਤਾਰੀਖ ਮੁਕਰਰ ਕਰਕੇ ਦੁਬਾਰਾ ਹੜਤਾਲ ਕਰਨ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਮੀਟਿੰਗ ਵਿੱਚ ਪੰਜਾਬ ਸੂਬੇ ਦੇ ਪ੍ਰਧਾਨ ਪਰਮਜੀਤ ਸਿੰਘ ਦੁਆਬਾ, ਗੁਰਮੀਤ ਸਿੰਘ ਮੌਂਟੀ, ਮਨਜੀਤ ਸਿੰਘ, ਅਸ਼ੋਕ ਸਚਦੇਵਾ, ਕਾਕਾ ਬਲਖੰਡੀ, ਹਰਪ੍ਰੀਤ ਸਿੰਘ ਗੁਰਦਾਸਪੁਰ, ਸ਼ਿਵ ਜਗੋਤਾ ਅਤੇ ਪੰਜਾਬ ਦੇ ਕੋਆਰਡੀਨੇਟਰ ਕੁਲਵੰਤ ਸਿੰਘ ਬਾਠ ਮੌਜੂਦ ਰਹੇ।

# ਸਵੀਪ ਜਾਗਰੂਕਤਾ ਵੈਨ ਵੱਲੋਂ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਕੀਤਾ ਜਾ ਰਿਹਾ ਜਾਗਰੂਕ

ਲੋਕ ਬਾਣੀ/ ਗੁਰਦਾਸਪੁਰ-ਨਵਨੀਤ ਕੁਮਾਰ -

ਮੁੱਖ ਚੋਣ ਅਧਿਕਾਰੀ ਪੰਜਾਬ ਵੱਲੋਂ ਭੇਜੀ ਗਈ ਵੋਟਰ ਜਾਗਰੂਕਤਾ ਵੈਨ ਰਾਹੀਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪੋਲਿੰਗ ਸਟੇਸ਼ਨ ਉਪਰ ਜਾ ਕੇ ਵੋਟਰਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਸਵੀਪ ਟੀਮ ਵੱਲੋਂ ਚਲਾਈ ਜਾ ਰਹੀ ਇਸ ਜਾਗਰੂਕਤਾ ਵੈਨ ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਸਮੇਤ ਹਰ ਉਮਰ ਵਰਗ ਦੇ ਵੋਟਰ ਸਵੀਪ ਗਤੀਵਿਧੀਆਂ ਵਿੱਚ ਭਾਗ ਲੈ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਕਮ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਗੁਰਦਾਸਪੁਰ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਬਣਾਏ ਰੂਟ ਪਲੈਨ ਅਨੁਸਾਰ ਸਵੀਪ ਵੈਨ ਵੱਲੋਂ ਵੱਖ-ਵੱਖ ਬੂਥਾਂ ਤੇ ਜਾ ਕੇ ਵੀਡੀਓ ਦੁਆਰਾ ਈ.ਵੀ.ਐਮ. ਮਸ਼ੀਨਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸਵੀਪ ਤਹਿਤ ਵੋਟਰ ਜਾਗਰੂਕਤਾ ਵੈਨ ਵੱਲੋਂ ਗੁਰਦਾਸਪੁਰ, ਦੀਨਾਨਗਰ , ਕਾਦੀਆਂ ਤੇ ਬਟਾਲਾ ਹਲਕੇ ਦੇ ਵੱਖ-ਵੱਖ ਬੂਥ ਕਵਰ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਵੋਟਰ ਜਾਗਰੂਕਤਾ ਵੈਨ 27 ਫਰਵਰੀ ਤੱਕ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪੋਲਿੰਗ ਬੂਥ ਦਾ ਵਿਜ਼ਟ ਕਰੇਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸਵੀਪ ਮੈਂਬਰਾਂ ਵੱਲੋਂ ਸਲੱਮ ਏਰੀਆ ਦੇ ਵੋਟਰਾਂ ਤੇ ਤੀਜਾ ਲਿੰਗ ਦੇ ਵੋਟਰਾਂ ਨੂੰ ਜ਼ਮੀਨੀ ਪੱਧਰ ਤੇ ਜਾ ਕੇ ਨਵੀਆਂ ਵੋਟਾਂ ਬਣਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸਹਾਇਕ ਨੋਡਲ ਅਫ਼ਸਰ ਸਵੀਪ ਕਮ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਲਖਵਿੰਦਰ ਸਿੰਘ, ਸਵੀਪ ਮੈਂਬਰ ਗੁਰਮੀਤ ਸਿੰਘ ਭੋਮਾ, ਗਗਨਦੀਪ ਸਿੰਘ, ਲਖਬੀਰ ਸਿੰਘ ਆਦਿ ਹਾਜ਼ਰ ਸਨ।



# ਅਮਰੀਕਾ-ਮੈਕਸੀਕੋ ਲਾਈਨ ਨੇੜੇ ਫਰਜ਼ੀ ਬਾਰਡਰ ਪੈਟਰੋਲ ਵਾਹਨ ਬਰਾਮਦ, 12 ਲੋਕ ਗ੍ਰਿਫ਼ਤਾਰ

ਲੋਕ ਬਾਣੀ

ਨਿਊਯਾਰਕ ਯੂ.ਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਏਜੰਟਾਂ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਐਰੀਜ਼ੋਨਾ ਵਿੱਚ ਇੱਕ ਸਟਾਪ ਦੌਰਾਨ ਇੱਕ ਕਲੋਨ ਨਕਲੀ ਬਾਰਡਰ ਪੈਟਰੋਲ ਵੈਨ ਮਿਲੀ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਏਜੰਸੀ ਨੇ ਕਿਹਾ ਕਿ ਵੈਨ ਨੂੰ ਉਨ੍ਹਾਂ ਦੇ ਵਾਹਨਾਂ ਵਾਂਗ ਹੀ ਦਿਸਣ ਲਈ ਪੇਂਟ ਕੀਤਾ ਗਿਆ ਸੀ। ਵਾਹਨ ਵਿੱਚ ਇੱਕ ਡਰਾਈਵਰ ਸਮੇਤ ਅਤੇ 11 ਲੋਕ ਸਵਾਰ ਸਨ, ਜਿੰਨ੍ਹਾਂ ਨੂੰ ਨਿਊਫੀਲਡ ਨੇੜੇ ਹਿਰਾਸਤ ਵਿੱਚ ਲਿਆ ਗਿਆ ਜੋ ਸੈਨ ਮਿਗੁਏਲ ਤੋਂ ਸੱਤ ਮੀਲ ਦੀ ਦੂਰੀ 'ਤੇ ਦੱਖਣ-ਪੂਰਬ ਦੇ ਵਿੱਚ ਹੈ।

ਇੰਨ੍ਹਾਂ ਲੋਕਾਂ ਨੂੰ ਪ੍ਰਵਾਸੀ ਮੰਨਿਆ ਜਾਂਦਾ ਹੈ ਜੋ ਗੈਰ ਕਾਨੂੰਨੀ ਤੌਰ 'ਤੇ




ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਇਸ ਘਟਨਾ ਦੌਰਾਨ ਇੱਕ ਬਾਰਡਰ ਏਜੰਟ 'ਤੇ ਹਮਲਾ ਕੀਤਾ ਗਿਆ, ਪਰ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਉਸ ਦੀ ਹਾਲਤ ਕਿੰਨੀ ਗੰਭੀਰ ਸੀ। ਬਾਰਡਰ ਪ੍ਰੋਟੈਕਸ਼ਨ ਏਜੰਸੀ ਦਾ ਕਹਿਣਾ ਹੈ ਕਿ ਫਰਜੀ ਬਾਰਡਰ ਪੈਟਰੋਲ ਵਾਹਨਾਂ ਦੀ ਵਰਤੋਂ ਕੋਈ ਨਵੀਂ ਗੱਲ ਨਹੀਂ ਹੈ। ਇਸੇ ਤਰਾਂ ਅਕਤੂਬਰ 2023 ਵਿੱਚ ਫਲੋਰਿਡਾ ਵਿੱਚ ਅਧਿਕਾਰੀਆਂ ਨੇ ਇੱਕ ਵਾਹਨ ਬਾਰੇ ਚਿਤਾਵਨੀ ਦਿੱਤੀ ਸੀ ਜੋ ਕਾਨੂੰਨ ਲਾਗੂ ਕਰਨ ਦੀ ਨਕਲ ਕਰ ਰਿਹਾ ਸੀ।

ਡੀਸੋਟੋ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਲਾਲ ਅਤੇ ਨੀਲੀਆਂ ਫਲੈਸ਼ਿੰਗ ਲਾਈਟਾਂ ਨਾਲ ਲੈਸ ਇੱਕ ਚਿੱਟੇ ਚੇਵੀ ਸਿਲਵੇਰਾਡੋ ਟਰੱਕ ਨੂੰ ਇਸ ਖੇਤਰ ਵਿੱਚ ਕਈ ਵਾਰ ਦੇਖਿਆ ਗਿਆ ਸੀ। ਟਰੱਕ ਨੇ ਬਾਰਡਰ ਪੈਟਰੋਲ ਵਾਹਨ ਦੀ ਨਕਲ ਕੀਤੀ, ਪਰ ਇਸਦੀ ਬਜਾਏ "ਬੂਟੀ ਪੈਟਰੋਲ" ਸ਼ਬਦ ਦਿਖਾਏ ਗਏ। ਇਸ ਤੋਂ ਇਲਾਵਾ,ਟਕਸਨ ਐਰੀਜੋਨਾ ਸੈਕਟਰ ਦੇ ਏਜੰਟਾਂ ਨੇ ਅਗਸਤ 2021 ਵਿੱਚ ਇੱਕ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਜਾਅਲੀ ਵਰਦੀਆਂ ਅਤੇ ਇੱਕ ਵਾਹਨ ਦੀ ਵਰਤੋਂ ਕਰ ਰਹੇ ਸਨ। ਇਸ ਘਟਨਾ ਦੇ ਸਬੰਧ ਵਿੱਚ ਇੱਕ ਡਰਾਈਵਰ ਅਤੇ ਸਥਾਈ ਕਾਨੂੰਨੀ ਦਰਜੇ ਦੀ ਘਾਟ ਵਾਲੇ 10 ਪ੍ਰਵਾਸੀਆਂ ਨੂੰ ਉਸ ਵੇਲੇ ਹਿਰਾਸਤ ਵਿੱਚ ਲਿਆ ਗਿਆ ਸੀ।

# ਜੈਸ਼ੰਕਰ ਦੀ 7 ਮਹੀਨਿਆਂ ਬਾਅਦ ਚੀਨੀ ਹਮਰੁਤਬਾ ਨਾਲ ਹੋਈ ਗੱਲਬਾਤ

ਲੋਕ ਬਾਣੀ

ਮਿਊਨਿਖ : ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਸ਼ਨੀਵਾਰ ਨੂੰ ਮਿਊਨਿਖ ਸੁਰੱਖਿਆ ਕਾਨਫਰੰਸ ਦੇ ਦੌਰਾਨ ਸੰਖੇਪ ਗੱਲਬਾਤ ਕੀਤੀ। ਦੋਵਾਂ ਦੇਸ਼ਾਂ ਵਿਚਾਲੇ ਕਈ ਮਹੀਨਿਆਂ ਤੋਂ ਕੋਈ ਗੱਲਬਾਤ ਨਾ ਹੋਣ ਤੋਂ ਬਾਅਦ ਇਹ ਗੱਲਬਾਤ ਅਚਾਨਕ ਹੋਈ ਹੈ। ਦੋਵਾਂ ਨੇਤਾਵਾਂ ਦੀ ਆਖਰੀ ਵਾਰ ਮੁਲਾਕਾਤ ਜੁਲਾਈ 2023 ਵਿੱਚ ਆਸੀਆਨ ਮੀਟਿੰਗ ਤੋਂ ਇਲਾਵਾ ਇੰਡੋਨੇਸ਼ੀਆ ਵਿੱਚ ਹੋਈ ਸੀ। ਇਹ ਗੱਲਬਾਤ ਸ਼ਨੀਵਾਰ ਨੂੰ ਹੋਈ ਜਦੋਂ ਜੈਸ਼ੰਕਰ ਪੈਨਲ ਚਰਚਾ ਲਈ ਸਟੇਜ 'ਤੇ ਜਾ ਰਹੇ ਸਨ ਅਤੇ ਵਾਂਗ ਹੇਠਾਂ ਆ ਰਹੇ ਸਨ।

ਮਿਊਨਿਖ ਸੁਰੱਖਿਆ ਕਾਨਫਰੰਸ ਵੀਡੀਓਜ਼ ਫੁਟੇਜ 'ਚ ਜੈਸ਼ੰਕਰ ਅਤੇ ਵਾਂਗ ਨੂੰ ਉਸ ਵੱਕਾਰੀ ਸਮਾਗਮ ਤੋਂ ਇੱਕ ਇਲਾਵਾ



ਇਕ ਸੰਖੇਪ ਗੱਲਬਾਤ ਕਰਦਿਆਂ ਦੇਖਿਆ ਜਾ ਸਕਦਾ ਹੈ, ਜਿਸ ਵਿਚ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਦੁਨੀਆ ਭਰ ਦੇ ਹੋਰ ਪ੍ਰਮੁੱਖ ਨੇਤਾ ਡਿਪਲੋਮੈਟਾਂ ਨੇ ਸ਼ਿਰਕਤ ਕੀਤੀ। ਹਾਲਾਂਕਿ, ਦੋਵੇਂ ਦੇਸ਼ਾਂ ਤੋਂ ਗੱਲਬਾਤ ਬਾਰੇ ਕੋਈ ਨਹੀਂ ਅਧਿਕਾਰਤ ਬਿਆਨ ਨਹੀਂ ਆਇਆ ਹੈ।

ਇਸ ਦੇ ਨਾਲ ਹੀ ਜੈਸ਼ੰਕਰ ਨੇ ਸਾਊਦੀ ਅਰਬ, ਨਾਰਵੇ, ਪੁਰਤਗਾਲ, ਪੋਲੈਂਡ ਅਤੇ ਬੈਲਜੀਅਮ ਦੇ ਹਮਰੁਤਬਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੁਵੱਲੇ ਸਬੰਧਾਂ ਅਤੇ ਪੱਛਮੀ ਏਸ਼ੀਆ ਦੀ ਸਥਿਤੀ ਅਤੇ ਗਲੋਬਲ ਮਾਮਲਿਆਂ 'ਤੇ ਚਰਚਾ ਕੀਤੀ ਗਈ। ਉਨ੍ਹਾਂ ਦੇ ਪੋਲਿਸ਼ ਹਮਰੁਤਬਾ ਰਾਡੋਸਲਾਵ ਸਿਕੋਰਸਕੀ ਨਾਲ ਰੂਸ-ਯੂਕਰੇਨ ਸੰਘਰਸ਼ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ। ਉਸਨੇ ਜਰਮਨੀ ਵਿੱਚ ਕ੍ਰਿਸ਼ਚੀਅਨ ਡੈਮੋਕ੍ਰੇਟਿਕ ਯੂਨੀਅਨ (ਸੀ.ਡੀ.ਯੂ.) ਪਾਰਟੀ ਦੇ ਨੇਤਾ ਫਰੀਡਰਿਕ ਮਰਜ਼ ਨਾਲ ਵੀ ਗੱਲਬਾਤ ਕੀਤੀ। ਜੈਸ਼ੰਕਰ ਨੇ ਫਲਸਤੀਨ ਦੇ ਵਿਦੇਸ਼ ਮੰਤਰੀ ਰਿਆਦ ਅਲ ਮਲਿਕੀ ਨਾਲ ਵੀ ਮੁਲਾਕਾਤ ਕੀਤੀ ਅਤੇ ਗਾਜ਼ਾ ਦੀ ਸਥਿਤੀ 'ਤੇ ਚਰਚਾ ਕੀਤੀ।



# ਮਹਾਨ ਤਿਆਗੀ, ਪਰਉਪਕਾਰੀ ਤੇ ਰਸ-ਭਿੰਨੇ ਕੀਰਤਨੀਏ ਸਨ- ਸੰਤ ਹਰਪਾਲ ਸਿੰਘ ਸੇਵਾਪੰਥੀ

ਸੇਵਕ ਕਉ ਸੇਵਾ ਬਨਿ ਆਈ ਗੁਰਵਾਕ ਅਨੁਸਾਰ ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੇ ਹੋਏ ਲੋਕਾਈ ਦੀ ਭਲਾਈ ਅਤੇ ਸੇਵਾ-ਸੰਭਾਲ ਦੇ ਅਨੂਠੇ ਕਾਰਜ ਵਿੱਚ ਲੀਨ ਭਾਈ ਕਨੱਈਆ ਰਾਮ ਜੀ ਨੇ ਨੌਂਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਸੇਵਾ, ਸਿਮਰਨ ਤੇ ਵਿੱਦਿਆ ਦੇ ਮਹਾਨ ਕੇਂਦਰ ਉਸਾਰ ਕੇ 'ਸੇਵਾਪੰਥੀ' ਸੰਪਰਦਾਇ ਦੀ ਸਥਾਪਨਾ ਕੀਤੀ। ਸੇਵਾਪੰਥੀ ਸੰਤ ਅਨੇਕਾਂ ਹੋਏ, ਉਹਨਾਂ ਵਿੱਚੋਂ ਹੀ ਸੰਤ ਹਰਪਾਲ ਸਿੰਘ ਜੀ 'ਸੇਵਾਪੰਥੀ' ਸਨ। ਸੰਤ ਹਰਪਾਲ ਸਿੰਘ ਦਾ ਜਨਮ 1951 ਈ: ਨੂੰ ਪਿਤਾ ਸ੍ਰ: ਤਾਰਾ ਸਿੰਘ ਦੇ ਘਰ ਮਾਤਾ ਗਨੇਸ਼ ਕੌਰ ਜੀ ਦੀ ਕੁੱਖੋਂ ਗੋਨਿਆਣਾ ਭਾਈ ਜਗਤਾ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਜਨਮ ਸਮੇਂ ਅੱਖਾਂ ਦੀ ਜੋਤ ਠੀਕ ਸੀ ਪਰ ਦੋ ਮਹੀਨੇ ਤੋਂ ਬਾਅਦ ਹੀ ਨੇਤਰਹੀਣ ਹੋ ਗਏ। ਮਾਤਾ-ਪਿਤਾ ਨੇ ਬੜਾ ਇਲਾਜ ਕਰਵਾਇਆ ਪਰ ਅੱਖਾਂ ਦੀ ਜੋਤ ਵਾਪਸ ਨਹੀਂ ਆਈ। ਆਪ ਸਮੇਤ ਤਿੰਨ ਭਰਾ ਹਰਨਾਮ ਸਿੰਘ, ਸੁਰਜੀਤ ਸਿੰਘ, ਸੰਤ ਹਰਪਾਲ ਸਿੰਘ ਸਨ। ਆਪ ਬਾਲ ਅਵਸਥਾ ਵਿੱਚ ਹੀ ਟਿਕਾਣਾ ਸਾਹਿਬ ਵਿਖੇ ਆਏ। ਆਪ ਨੇ ਭਾਈ ਭਗਵਾਨ ਸਿੰਘ ਜੀ ਰੋਹਤਕ ਵਾਲਿਆਂ ਪਾਸੋਂ ਜਪੁਜੀ ਸਾਹਿਬ, ਸ਼ਬਦ ਹਜ਼ਾਰੇ, ਰਹਰਾਸਿ, ਸੋਹਿਲਾ ਬਾਣੀਆਂ ਯਾਦ ਕੀਤੀਆਂ।

ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਮੁਖੀ ਮਹੰਤ ਆਸਾ ਸਿੰਘ ਜੀ ਆਪ ਨਾਲ ਅਤੀ ਪ੍ਰੇਮ ਕਰਦੇ ਸਨ। ਇਸ ਲਈ ਆਪ ਨੂੰ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਨ ਲਈ ਗਿਆਨੀ ਫਤਿਹ ਸਿੰਘ ਜੀ ਪਾਸ ਛੱਡ ਦਿੱਤਾ। ਸੰਤ ਹਰਪਾਲ ਸਿੰਘ ਜੀ ਨੇ ਕੀਰਤਨ ਦੀ ਸਿਖਲਾਈ ਚਾਰ ਸਾਲ ਗਿਆਨੀ ਫਤਿਹ ਸਿੰਘ ਜੀ ਪਾਸੋਂ ਤੇ ਇੱਕ ਸਾਲ ਭਾਈ ਉੱਤਮ ਸਿੰਘ ਜੀ ਤੋਂ ਪ੍ਰਾਪਤ ਕੀਤੀ। ਮਹੰਤ ਆਸਾ ਸਿੰਘ ਜੀ ਨੇ ਸੁੱਖਾਂ ਦੀ ਮਨੀ 'ਸੁਖਮਨੀ ਸਾਹਿਬ' ਬਾਣੀ ਕੰਠ ਕਰਨੀ ਸ਼ੁਰੂ ਕਰਵਾਈ ਤੇ ਭਾਈ ਹਰਭਜਨ ਸਿੰਘ ਮਲੋਟ ਵਾਲਿਆਂ ਪਾਸੋਂ ਸੰਪੂਰਨ ਸੁਖਮਨੀ ਸਾਹਿਬ ਬਾਣੀ ਯਾਦ ਕੀਤੀ। 1965 ਵਿੱਚ ਭਾਈ ਪ੍ਰੇਮ ਸਿੰਘ ਤੋਂ ਸੁਖਮਨੀ ਸਾਹਿਬ ਬਾਣੀ ਦਾ ਪਾਠ ਕੀਰਤਨ ਦੁਆਰਾ ਕਰਨਾ ਸਿੱਖਿਆ ਤੇ ਸਟੇਜਾਂ ਤੋਂ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰਦੇ ਸਨ।

ਸੰਤ ਹਰਪਾਲ ਸਿੰਘ ਜੀ ਸੁਖਮਨੀ ਸਾਹਿਬ ਦੇ ਕੀਰਤਨ ਦੇ ਮਾਹਿਰ ਸਨ। ਇਹ ਸੁਖਮਨੀ ਸਾਹਿਬ ਬਾਣੀ ਦਾ ਪਾਠ ਕੀਰਤਨ ਦੁਆਰਾ ਕੇਵਲ ਗੋਨਿਆਣਾ ਭਾਈ ਜਗਤਾ ਵਿਖੇ ਹੀ ਹੁੰਦਾ ਹੈ ਜਾਂ ਨੇੜੇ ਦੇ ਘਰਾਂ ਵਿੱਚ ਹੁੰਦਾ ਹੈ। ਸੰਤ ਹਰਪਾਲ ਸਿੰਘ ਜੀ ਨੂੰ ਨੇਤਰਹੀਣ ਹੋਣ ਦੇ ਬਾਵਜੂਦ ਬਹੁਤ ਸਾਰੀਆਂ ਬਾਣੀਆਂ ਕੰਠ ਸਨ। ਇਸ ਤੋਂ ਇਲਾਵਾ ਗੁਰਬਾਣੀ ਦੇ ਸ਼ਬਦ ਵੀ ਅਨੇਕਾਂ ਯਾਦ ਸਨ। ਮਹੰਤ ਕਾਹਨ ਸਿੰਘ ਜੀ ਨੇ ਸੰਤ ਹਰਪਾਲ ਸਿੰਘ ਜੀ ਨੂੰ ਅਲਾਹਣੀਆਂ, ਪਟੀ, ਅਨੰਦ ਸਾਹਿਬ, ਰਾਮਕਲੀ ਕੀ ਵਾਰ, ਆਸਾ ਕੀ ਵਾਰ ਤੇ ਹੋਰ ਕਈ ਬਾਣੀਆਂ ਤੇ ਅਨੇਕਾਂ ਸ਼ਬਦ ਕੰਠ ਕਰਵਾਏ। ਇਹਨਾਂ ਸਤਰਾਂ ਦੇ ਲੇਖਕ ਨੇ ਵੀ ਕਈ ਸ਼ਬਦ ਜ਼ਬਾਨੀ ਯਾਦ ਕਰਵਾਏ। ਸੰਤ ਹਰਪਾਲ ਸਿੰਘ ਗੁਰਬਾਣੀ ਦਾ ਕੀਰਤਨ ਬੜਾ ਰਸ-ਭਿੰਨਾ ਕਰਦੇ ਸਨ। ਕੀਰਤਨ ਕਰਨ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ। ਨਾ ਥੱਕਦੇ ਸਨ, ਨਾ ਅੱਕਦੇ ਸਨ। ਕੀਰਤਨ ਕਰਨ ਸਮੇਂ ਆਪ ਝੂੰਮਦੇ ਸਨ ਤੇ ਸੰਗਤਾਂ ਨੂੰ ਹੁਲਾਰੇ ਦਿੰਦੇ ਸਨ।

ਆਪਣੇ ਸੇਵਾ ਕਾਲ ਦੌਰਾਨ ਆਪ ਨੇ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨ ਉਪਰੰਤ ਜਪੁਜੀ ਸਾਹਿਬ ਦਾ ਪਾਠ ਕਰਨਾ, ਉਪਰੰਤ ਦਰਬਾਰ ਹਾਲ ਵਿੱਚ ਸੁਖਮਨੀ ਸਾਹਿਬ ਦਾ ਪਾਠ ਕੀਰਤਨ ਦੁਆਰਾ ਕਰਨਾ, ਤ੍ਵ ਪ੍ਰਸਾਦਿ ਸਵੱਈਏ, ਅਨੰਦੁ ਸਾਹਿਬ ਬਾਣੀ ਦਾ ਪਾਠ ਕਰਨਾ ਉਹਨਾਂ ਦਾ ਪੱਕਾ ਨੇਮ ਸੀ। ਸੰਤ ਜੀ ਨੇ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ 45 ਸਾਲ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸੰਤ ਹਰਪਾਲ ਸਿੰਘ ਜੀ ਨੇ ਡੇਰੇ ਵਿੱਚ ਰਹਿ ਰਹੇ ਬੱਚਿਆਂ, ਸਕੂਲਾਂ-ਕਾਲਜਾਂ ਦੇ ਅਨੇਕਾਂ ਵਿਦਿਆਰਥੀਆਂ ਨੂੰ ਕੀਰਤਨ ਦੀ ਸਿਖਲਾਈ ਦਿੱਤੀ। ਸੰਤ ਹਰਪਾਲ ਸਿੰਘ 'ਸੇਵਾਪੰਥੀ' ਬੜੇ ਮਿੱਠਬੋਲੜੇ, ਪਿਆਰ ਨਾਲ ਮਿਲਣ ਵਾਲੇ, ਨਿਰਛਲ, ਨਿਸ਼ਕਪਟ, ਉਸਤਤ ਨਿੰਦਾ ਤੋਂ ਉੱਪਰ ਸਨ, ਨਿਰਭਉ ਤੇ ਨਿਰਵੈਰ ਸਨ। ਉਹਨਾਂ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਦਿੱਲੀ, ਮੁੰਬਈ, ਕਲਕੱਤਾ ਵਿੱਚ ਵੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਦੀ ਆਵਾਜ਼ 'ਚ ਇਤਨਾ ਰਸ ਸੀ ਕਿ ਸੰਗਤਾਂ ਘਰ ਵਿੱਚ ਬੈਠੀਆਂ ਹੀ ਪਛਾਣ ਲੈਂਦੀਆਂ ਸਨ ਕਿ ਗੋਨਿਆਣਾ ਭਾਈ ਜਗਤਾ ਵਾਲੇ ਸੰਤ ਹਰਪਾਲ ਸਿੰਘ ਜੀ ਕੀਰਤਨ ਕਰ ਰਹੇ ਹਨ। ਉਹ ਟਿਕਾਣੇ ਵਿੱਚ ਸਰਬੱਤ ਨਾਲ ਪਿਆਰ ਕਰਦੇ ਸਨ, ਆਏ ਹਰ ਯਾਤਰੂ ਨੂੰ ਬੜੇ ਪਿਆਰ ਨਾਲ ਮਿਲਦੇ ਸਨ। ਉਹਨਾਂ ਆਪਣੇ ਪਾਵਨ ਕਰ-ਕਮਲਾਂ ਨਾਲ ਗੁਰਦੁਆਰਾ ਟਿਕਾਣਾ ਸਾਹਿਬ ਵਿਖੇ 13 ਅਪ੍ਰੈਲ 1988 ਈ: ਨੂੰ 'ਮਹੰਤ ਭਾਈ ਗੁਲਾਬ ਸਿੰਘ ਦੀਵਾਨ ਹਾਲ' ਦੀ ਦੋ ਮੰਜ਼ਿਲਾ ਇਮਾਰਤ ਦਾ ਨੀਂਹ-ਪੱਥਰ ਰੱਖਿਆ ਸੀ ਜੋ ਇਸ ਸਮੇਂ ਬੜੀ ਸੁੰਦਰ ਸ਼ੋਭਾ ਪਾ ਰਿਹਾ ਹੈ। ਉਹਨਾਂ ਨੇ ਸਕੂਲ, ਕਾਲਜ, ਜਨਰੇਟਰ ਦਾ ਉਦਘਾਟਨ ਆਪਣੇ ਕਰ-ਕਮਲਾਂ ਨਾਲ ਕੀਤਾ। ਸੰਤ ਹਰਪਾਲ ਸਿੰਘ ਜੀ 1985 ਈ: ਤੋਂ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ ਤੋਂ ਛਪ ਰਹੇ 'ਭਾਈ ਕਨੱਈਆ ਸੇਵਾ ਜੋਤੀ' ਪੰਜਾਬੀ ਮਾਸਿਕ ਮੈਗਜ਼ੀਨ ਦੇ ਸਰਪ੍ਰਸਤ ਸਨ। ਉਹ ਨੇਤਰਹੀਣ ਹੋਣ ਦੇ ਬਾਵਜੂਦ ਵੀ ਹਰ ਇੱਕ ਨੂੰ ਆਵਾਜ਼ ਤੋਂ ਹੀ ਪਛਾਣ ਲੈਂਦੇ ਸਨ ਜੋ ਇੱਕ-ਦੋ ਵਾਰੀ ਪਹਿਲਾਂ ਮਿਲਿਆ ਹੁੰਦਾ ਸੀ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੀ ਨਾਦੀ ਬੰਸਾਵਲੀ ਦੇ 12ਵੇਂ ਮੁੱਖ ਸਰਪ੍ਰਸਤ ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ ਆਪ ਨਾਲ ਬਹੁਤ ਪ੍ਰੇਮ ਕਰਦੇ ਸਨ। ਮਹੰਤ ਤੀਰਥ ਸਿੰਘ ਜੀ ਪਿਆਰ ਨਾਲ ਸੰਤ ਹਰਪਾਲ ਸਿੰਘ ਜੀ ਨੂੰ 'ਗੁਰੂ ਜੀ' ਕਹਿ ਕੇ ਬੁਲਾਉਂਦੇ ਸਨ। ਗੁਰਦੁਆਰਾ ਟਿਕਾਣਾ ਸਾਹਿਬ ਦੇ ਸਾਰੇ ਸੇਵਾਦਾਰ, ਗੋਨਿਆਣਾ ਭਾਈ ਜਗਤਾ ਦੇ ਨੇੜੇ ਦੇ ਪਿੰਡਾਂ/ਸ਼ਹਿਰਾਂ ਦੀਆਂ ਸੰਗਤਾਂ ਵੀ ਸੰਤ ਜੀ ਨੂੰ 'ਗੁਰੂ ਜੀ' ਕਹਿ ਕੇ ਸਤਿਕਾਰ ਦਿੰਦੀਆਂ ਸਨ। ਸੰਤ ਹਰਪਾਲ ਸਿੰਘ ਜੀ ਨੇ ਮਹੰਤ ਤੀਰਥ ਸਿੰਘ ਜੀ ਨਾਲ ਦਿੱਲੀ, ਧਰਮਸ਼ਾਲਾ, ਚੰਬਾ, ਡਲਹੌਜੀ, ਪਠਾਨਕੋਟ, ਅੰਮ੍ਰਿਤਸਰ, ਇੰਦੌਰ ਤੇ ਹੋਰ ਕਈ ਵੱਡੇ ਸ਼ਹਿਰਾਂ ਵਿੱਚ ਪ੍ਰਚਾਰ-ਯਾਤਰਾ ਕੀਤੀ ਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੂੰ ਬਹੁਤ ਸਾਰੇ ਸ਼ਹਿਰਾਂ/ਨਗਰਾਂ ਵਿੱਚ ਸਮਾਜ-ਸੇਵੀ ਸੰਸਥਾਵਾਂ, ਸਭਾ-ਸੁਸਾਇਟੀਆਂ ਤੇ ਸਕੂਲਾਂ-ਕਾਲਜਾਂ ਵੱਲੋਂ ਸਨਮਾਨਿਤ ਕੀਤਾ ਗਿਆ। ਸੰਤ ਹਰਪਾਲ ਸਿੰਘ ਜੀ ਦੀ ਇੱਕ ਕੈਸਿਟ 'ਸੁਖਮਨੀ ਸਾਹਿਬ' ਜੀ ਦੀ ਵੀ ਮਾਰਕਿਟ ਵਿੱਚ ਆਈ ਹੋਈ ਹੈ। ਗੁਰਦੁਆਰਾ ਟਿਕਾਣਾ ਸਾਹਿਬ ਦੇ ਵਰਤਮਾਨ ਗੱਦੀਨਸ਼ੀਨ ਸ਼੍ਰੀਮਾਨ ਮਹੰਤ ਕਾਹਨ ਸਿੰਘ ਜੀ ਤੇ ਉਹਨਾਂ ਦੇ ਸਹਿਯੋਗੀ ਸੰਤ ਰਣਜੀਤ ਸਿੰਘ ਜੀ 'ਸੇਵਾਪੰਥੀ' ਸੰਤ ਹਰਪਾਲ ਸਿੰਘ ਨਾਲ ਬਹੁਤ ਪਿਆਰ ਕਰਦੇ ਸਨ ਤੇ ਹਮੇਸ਼ਾਂ ਖ਼ਿਆਲ ਰੱਖਦੇ ਸਨ।

ਉਹਨਾਂ ਪਿੰਡਾਂ, ਸ਼ਹਿਰਾਂ ਦੇ ਅਨੇਕਾਂ ਸਦ ਗ੍ਰਹਿਸਤੀਆਂ ਨੂੰ ਦੁੱਧ ਪੁੱਤ ਦੀਆਂ ਦਾਤਾਂ ਦੇ ਕੇ ਸ਼ਬਦ ਗੁਰੂ ਦੇ ਨਾਲ ਜੋੜਿਆ। ਸੰਤ ਜੀ ਨੇ ਗੁਰਬਾਣੀ ਪਾਠ ਦੁਆਰਾ ਲੱਖਾਂ ਹੀ ਪਰਿਵਾਰਾਂ ਦੇ ਬੱਚਿਆਂ ਦੇ ਰੋਗ ਨਵਿਰਤ ਕੀਤੇ। ਉਹਨਾਂ ਕੋਲ ਰੋਜ਼ਾਨਾ ਕਈ ਪਰਿਵਾਰ ਆਪਣੇ ਬੱਚਿਆਂ ਲਈ ਪਾਠ ਕਰਵਾਉਣ ਆਉਂਦੇ ਸਨ।

ਸੇਵਾ, ਸਿਮਰਨ, ਮਹਾਨ-ਤਿਆਗੀ, ਪਰ-ਉਪਕਾਰ ਦੀ ਮੂਰਤ, ਰਸ-ਭਿੰਨੇ ਕੀਰਤਨੀਏ ਸ਼੍ਰੀਮਾਨ ਸੰਤ ਹਰਪਾਲ ਸਿੰਘ ਜੀ 'ਸੇਵਾਪੰਥੀ' 59 ਸਾਲ ਦੀ ਉਮਰ ਬਤੀਤ ਕਰਕੇ 17 ਫ਼ਰਵਰੀ 2010 ਈ: ਦਿਨ ਬੁੱਧਵਾਰ ਨੂੰ ਸ਼ਾਮ 4 ਵਜੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ।

ਸੰਤ ਹਰਪਾਲ ਸਿੰਘ ਜੀ 'ਸੇਵਾਪੰਥੀ' ਦੇ ਪ੍ਰਤੀ ਸੰਗਤਾਂ ਦਾ ਪਿਆਰ, ਉਹਨਾਂ ਦੇ ਅੰਤਿਮ ਸਸਕਾਰ ਸਮੇਂ ਹੋਏ ਠਾਠਾਂ ਮਾਰਦੇ ਇਕੱਠ ਤੋਂ ਪਤਾ ਲੱਗਦਾ ਸੀ। ਉਹਨਾਂ ਦੇ ਅੰਤਿਮ ਸਸਕਾਰ ਸਮੇਂ ਮਲੋਟ, ਜੈਤੋ, ਫ਼ਰੀਦਕੋਟ, ਕੋਟਕਪੂਰਾ, ਗੋਨਿਆਣਾ ਭਾਈ ਜਗਤਾ, ਬਠਿੰਡਾ, ਬੁਢਲਾਡਾ, ਪਾਣੀਪਤ, ਲੁਧਿਆਣਾ, ਦਿੱਲੀ, ਮਾਛੀਵਾੜਾ, ਅੰਮ੍ਰਿਤਸਰ ਤੇ ਹੋਰ ਕਈ ਸ਼ਹਿਰਾਂ/ਨਗਰਾਂ ਤੋਂ ਸ਼ਰਧਾਲੂ ਸੰਗਤਾਂ ਵੱਡੀ ਤਾਦਾਦ ਵਿੱਚ ਸ਼ਾਮਲ ਹੋਈਆਂ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ ਜੀ (ਬਠਿੰਡਾ) ਵਿਖੇ ਭਾਈ ਸੇਵਾ ਰਾਮ ਵਚਿੱਤਰ ਸ਼ਾਲਾ ਵਿੱਚ ਸੰਤ ਹਰਪਾਲ ਸਿੰਘ ਜੀ 'ਸੇਵਾਪੰਥੀ' ਦੀ ਖ਼ੂਬਸੂਰਤ ਤਸਵੀਰ ਸਸ਼ੋਭਿਤ ਹੈ।



## ਲੰਦਨ ਦੀ ਫਲ਼ਾਈਟ...

1. ਨਾ ਸੀ ਤੇਰਾ ਕਸੂਰ
ਨਾ ਸੀ ਮੇਰਾ ਕਸੂਰ
ਬੱਸ ਸੱਜਣਾ !
ਮੇਰਾ ਵਖ਼ਤ ਹੀ ਸੀ ਮਗਰੂਰ...
2. ਪਹਿਲਾ ਪਿਆਰ ਸੀ ਮੇਰਾ ਤੂੰ
ਪਹਿਲਾ ਇਕਰਾਰ ਸੀ ਮੇਰਾ ਤੂੰ
ਤੈਨੂੰ ਪਾ ਨਾ ਸਕਿਆ ਮੈਂ
ਪਰ ਪਹਿਲਾ ਯਾਰ ਸੀ ਮੇਰਾ ਤੂੰ ...
3. ਬਹੁਤ ਪਿਆਰ ਕਰਦਾ ਹਾਂ
ਤੈਨੂੰ ਤੇ ਤੇਰੇ ਸ਼ਹਿਰ ਨੂੰ ਅੱਜ ਵੀ ਮੈਂ
ਬਹੁਤ ਕੁਝ ਸਹਿ ਲੈਂਦਾ ਹਾਂ
ਕੰਡਿਆਂ ਨੂੰ ਤੇ ਕਹਿਰ ਨੂੰ ਅੱਜ ਵੀ ਮੈਂ ...
4. ਕਦੇ - ਕਦੇ ਰੋਅ ਲੈਂਦਾ ਹਾਂ ਮੈਂ
ਤੈਨੂੰ ਯਾਦ ਕਰਕੇ ,
ਕਦੇ - ਕਦੇ ਗਮ ਆਪਣੇ ਧੋ ਲੈਂਦਾ ਹਾਂ
ਤੈਨੂੰ ਯਾਦ ਕਰਕੇ...
5. ਤੇਰੇ ਬਾਅਦ ਨਾ ਰਸਤੇ ਮਿਲ਼ੇ
ਨਾ ਮਿਲ਼ੀ ਕੋਈ ਮੰਜ਼ਿਲ ,
ਬੱਸ ਭਟਕ ਰਿਹਾ ਹਾਂ
ਵਾਰ - ਵਾਰ ਜ਼ਿੰਦਗੀ 'ਚ ਅਟਕ ਰਿਹਾ ਹਾਂ ...
6. ਨਾ ਵਾਅਦਾ ਕੋਈ ਤੂੰ ਕੀਤਾ
ਨਾ ਵਾਅਦਾ ਕੋਈ ਮੈਂ ਕੀਤਾ
ਪਰ ਦੋਵਾਂ ਨੇ ਵਿਛੋੜੇ ਦਾ ਘੁੱਟ ਪੀਤਾ...
7. ਮੌਸਮ ਹੀ ਖਰਾਬ ਸੀ
ਨੀਅਤ ਨਹੀਂ ,
ਹਾਲਾਤ ਹੀ ਮਾੜੇ ਸੀ
ਤਬੀਅਤ ਨਹੀਂ ...
8. ਅਸੀਂ ਇੱਥੇ ਸੀ ਤੇ ਇੱਥੇ ਹੀ ਰਹਿ ਗਏ
ਸਾਡੀ ਜ਼ਿੰਦਗੀ ਵੀ ਇੱਥੇ ਹੀ ਖੜ੍ਹ ਗਈ ,
ਪਤਾ ਹੀ ਨਹੀਂ ਲੱਗਿਆ
ਕਦੋਂ ਉਹ ਲੰਦਨ ਦੀ ਫਲਾਈਟ ਚੜ੍ਹ ਗਈ...
9. ਤੇਰੇ ਨਾਲ਼ ਨਾਰਾਜ਼ਗੀ ਸੀ ,
ਨਾਰਾਜ਼ਗੀ ਹੈ
ਤੇ ਨਾਰਾਜ਼ਗੀ ਰਹੇਗੀ ,
ਦੱਸ ! ਤੇਰੇ ਬਿਨਾ ਜ਼ਿੰਦਗੀ
ਹੋਰ ਕਿੰਨੇ ਦੁੱਖ ਸਹੇਗੀ ...?
10. ਤੂੰ ਮੇਰੇ ਨਾਲ਼
ਮੈਂ ਤੇਰੇ ਨਾਲ਼ ,
ਨਾਰਾਜ਼ ਰਹਿਣਾ ,
ਤੇ ਕਦੇ ਅਸੀਂ
ਇੱਕ - ਦੂਜੇ ਕੋਲ਼ ਨਹੀਂ ਬਹਿਣਾ...



ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
( ਪ੍ਰਸਿੱਧ ਲੇਖਕ ਸ੍ਰੀ ਅਨੰਦਪੁਰ ਸਾਹਿਬ )

# ਬੀ ਕੇ ਯੂ ਉਗਰਾਹਾਂ ਵੱਲੋਂ 24 ਫਰਵਰੀ ਤੱਕ ਟੋਲ ਪਲਾਜਿਆ ਤੇ ਧਰਨੇ ਜਾਰੀ ਰਹਿਣਗੇ ਸੁਖਦੇਵ ਸਿੰਘ ਕੋਕਰੀ

ਲੋਕ ਬਾਣੀ



ਮੋਗਾ - ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਿਲ੍ਹਾ ਕਮੇਟੀ ਮੋਗਾ ਨੇ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਤੇ ਹੋਰ ਕਿਸਾਨੀ ਮੰਗਾਂ ਦੇ ਹੱਲ ਲਈ ਸੰਭੂ- ਖਨੌਰੀ ਬਾਰਡਰਾਂ ਤੇ ਡਟੇ ਹੋਏ ਕਿਸਾਨਾਂ ਦੀ ਹਮਾਇਤ ਵਿੱਚ ਦਾਰਾਪੁਰ ਟੋਲ ਪਲਾਜਾ ਅੱਜ ਤੀਸਰੇ ਦਿਨ ਵੀ ਪਰਚੀ ਮੁਕਤ ਕੀਤਾ ਹੋਇਆ ਹੈ ਅਤੇ ਟੋਲ ਪਲਾਜਾ 24-02-24 ਤੱਕ ਪਰਚੀ ਮੁਕਤ ਰਹੇਗਾ। ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਸੁਖਦੇਵ ਕੋਕਰੀ ਅਤੇ ਜਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ ਕਿਸਨਪੁਰਾ ਅਤੇ ਕਿਸਾਨ ਬੀਬੀ ਬਚਿੱਤਰ ਕੌਰ ਤਲਵੰਡੀ ਮੱਲੀਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦਿੱਲੀ ਚੱਲੇ ਅੰਦਲੋਨ ਸਮੇਂ ਐਮ ਐਸ ਪੀ ਦੀ ਗਰੰਟੀ ਸਮੇਤ ਕਈ ਮੰਗਾਂ ਲਿਖਤੀ ਰੂਪ ਵਿਚ ਮੰਨੀਆਂ ਸੀ ਪਰ ਕੇਂਦਰ ਸਰਕਾਰ ਨੇ 2 ਸਾਲ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਮੰਗਾਂ ਮੰਨਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਪੰਜਾਬ ਦੀਆਂ ਕੁਝ ਕਿਸਾਨ ਜਥੇਬੰਦੀਆਂ ਹਰਿਆਣੇ ਦੇ ਬਾਰਡਰਾਂ ਤੇ ਬੈਠੀਆਂ ਹਨ ਜਿਨ੍ਹਾਂ ਨੂੰ ਹਰਿਆਣਾ ਦੀ ਖੱਟਰ ਸਰਕਾਰ ਨੇ ਦਿੱਲੀ ਜਾਣ ਤੋਂ ਜਬਰਦਸਤੀ ਰੋਕਿਆ ਹੋਇਆ ਹੈ।ਕਈ ਗੇੜ ਦੀਆਂ ਮੀਟਿੰਗਾਂ ਤੋਂ ਬਾਅਦ ਵੀ ਸਰਕਾਰ ਐਮ ਐਸ ਪੀ ਦੀ ਗਰੰਟੀ ਦਾ ਕਾਨੂੰਨ ਬਣਾਉਣ ਲਈ ਤਿਆਰ ਨਹੀਂ ਹੈ। ਸਰਕਾਰ ਦੀਆਂ ਧੱਕੇਸਾਹੀਆ ਦੇ ਖਿਲਾਫ ਸਰਕਾਰ ਤੇ ਦਬਾਅ ਪਾ ਕੇ ਕਿਸਾਨੀ ਮੰਗਾਂ ਮੰਨਵਾਉਣ ਲਈ ਜੋ ਟੋਲ ਪਲਾਜੇ ਤੇ ਭਾਜਪਾ ਲੀਡਰਾਂ ਦੇ ਖਿਲਾਫ ਲਗਾਤਾਰ ਚੱਲ ਰਹੇ ਧਰਨਿਆਂ ਨੂੰ 24 ਫਰਵਰੀ ਤੱਕ ਵਧਾ ਦਿੱਤਾ ਗਿਆ ਹੈ ਅਤੇ ਐਸ ਕੇ ਐਮ ਨਾਲ ਸਬੰਧਤ ਦੂਸਰੀਆਂ ਜੱਥੇਬੰਦੀਆਂ ਨੇ ਵੀ ਟੋਲ ਪਲਾਜਾ ਤੇ ਭਾਜਪਾ ਲੀਡਰਾਂ ਦੇ ਘਰਾਂ ਨੂੰ ਘੇਰਨ ਦਾ ਫੈਸਲਾ ਕੀਤਾ ਹੈ। ਅੱਜ ਦੇ ਧਰਨੇ ਨੂੰ ਉਪਰੋਕਤ ਬੁਲਾਰਿਆਂ ਤੋਂ ਬਿਨਾਂ ਬੂਟਾ ਸਿੰਘ ਭਾਗੀਕੇ, ਗੁਰਦਾਸ ਸਿੰਘ ਸੇਖਾ,ਅਮਰੀਕ ਸਿੰਘ ਘੋਲੀਆ, ਬਚਿੱਤਰ ਕੌਰ ਤਲਵੰਡੀ ਮੱਲੀਆਂ, ਜਗਸੀਰ ਸਿੰਘ ਦੌਧਰ, ਗੁਰਦੇਵ ਸਿੰਘ ਕਿਸਨਪੁਰਾ, ਅਜੀਤ ਸਿੰਘ ਡੇਮਰੂ, ਕੇਵਲ ਸਿੰਘ ਬੱਧਨੀ ਕਲਾ, ਇਕਬਾਲ ਸਿੰਘ ਸਿੰਘਾਂਵਾਲਾ, ਗੁਰਚਰਨ ਸਿੰਘ ਰਾਮਾ,ਗੁਰਤੀਰ ਸਿੰਘ ਚੀਦਾ, ਰਛਪਾਲ ਸਿੰਘ ਡੇਮਰੂ,ਮੇਜਰ ਸਿੰਘ ਕਾਲੇਕੇ ਜਾਂ ?ਲ੍ਹਾ ਪ੍ਰਧਾਨ ਪੰਜਾਬ ਖੇਤ ਮਜਦੂਰ ਯੂਨੀਅਨ, ਬਲੌਰ ਸਿੰਘ ਘੱਲ ਕਲਾਂ, ਲਖਵੀਰ ਸਿੰਘ ਚੜਿੱਕ, ਜਗਜੀਤ ਸਿੰਘ ਮੱਦੋਕੇ, ਗੁਰਮੇਲ ਕੌਰ ਦੌਧਰ, ਸੁਖਜਿੰਦਰ ਕੌਰ ਤਲਵੰਡੀ ਮੱਲੀਆਂ, ਗੁਰਮੇਲ ਕੌਰ ਕਿਸਨਪੁਰਾ, ਮਨਜੀਤ ਕੌਰ ਕਿਸਨਪੁਰਾ ਆਦਿ ਕਿਸਾਨ ਆਗੂਆਂ ਨੇ ਵੀ ਸੰਬੋਧਨ ਕੀਤਾ।

# ਸਬ ਤੋ ਉੱਤਮ ਦਾਨ ਖੂਨਦਾਨ: ਸਬ ਇੰਸਪੈਕਟਰ ਦਲਜੀਤ ਸਿੰਘ

ਲੋਕ ਬਾਣੀ



ਅੰਮ੍ਰਿਤਸਰ:- ਅੱਜ ਕਲ ਦੇ ਸਮੇ ਵਿਚ ਜਿਵੇਂ ਕੇ ਇਨਸਾਨੀਅਤ ਪੈਸੇ ਪਿਛੇ ਦੌੜ ਰਹੀ ਹੈ ਲੇਕਿਨ ਫੇਰ ਵੀ ਇਹਨਾ ਵਿਚੋ ਕੁਝ ਦਾਨੀ ਸੱਜਣ ਜਿਹੜੇ ਕੇ ਮਨੁੱਖਤਾ ਲਈ ਬਹੁਤ ਵਧੀਆ ਸੋਚ ਰੱਖਦੇ ਹਨ ਅਤੇ ਚੰਗੀਆ ਸੇਵਾਵਾ ਕਰਦੇ ਹਨ ਇਹਨਾ ਵਿਚ ਇਕ ਸੇਵਾ ਖਾਲਸਾ ਬਲੱਡ ਡੋਨੇਟ ਯੂਨਿਟੀ ਰਜਿਸਟਰ ਦੇ ਸਮਾਜ ਸੇਵੀ ਡਾ: ਸਰਬਜੀਤ ਸਿੰਘ ਭੁੱਲਰ ਉਹਨਾਂ ਵਲੋ ਆਪਣੇ ਪਿਤਾ ਜੀ ਦੀ ਯਾਦ ਵਿਚ ਸਾਲਾਨਾ ਖੂਨਦਾਨ ਕੈਂਪ ਸੁਲਤਾਨਵਿੰਡ ਲਗਾਇਆ ਗਿਆ ਜਿਵੇਂ ਕੇ ਅੱਜਕਲ ਦੇ ਰੁਕੇ ਸਮੇ ਵਿਚ ਬਹੁਤ ਸਾਰੇ ਸਮਾਜ ਸੇਵਕ ਜਾ ਦਾਨੀ ਸੱਜਣ ਅੱਗੇ ਆ ਕੇ ਬਹੁਤ ਦਾਨ ਕਰਦੇ ਹਨ ਪਰ ਦਾਨਾ ਵਿੱਚੋ ਦਾਨ ਉਹ ਮਹਾਨ ਦਾਨ ਮੰਨਿਆ ਜਾਂਦਾ ਹੈ ਜਿਸ ਤਰਾ ਕੇ ਕਿਸੇ ਨੂੰ ਨੰਗੇ ਨੂੰ ਕੱਪੜਾ, ਪਿਆਸੇ ਨੂੰ ਪਾਣੀ ਅਤੇ ਭੁੱਖੇ ਨੂੰ ਅੰਨ ਜਾ ਕਿਸੇ ਧੀ ਦਾ ਕੰਨਿਆ ਦਾਨ ਮਹਾਨ ਦਾਨ ਮੰਨੇ ਜਾਂਦੇ ਹਨ ਜਿਸ ਤਰਾ ਕੇ ਅਜ ਕੱਲ ਖੂਨ ਦਾਨ ਬਹੁਤ ਵੱਡਾ ਦਾਨ ਮੰਨਿਆ ਗਿਆ ਹੈ ਖੂਨ ਦਾਨ ਇਕ ਉਹ ਦਾਨ ਹੈ ਜੋ ਕਿਸੇ ਲੋੜਵੰਦ ਦੀ ਜਾਨ ਬਚਾਅ ਸਕਦਾ ਹੈ ਜਾ ਕਿਸੇ ਦੀ ਔਖੇ ਸਮੇ ਵਿਚ ਮਦਦ ਕਰ ਸਕਦਾ ਹੈ ਸੁਲਤਾਨਵਿੰਡ ਰੋਡ ਵਿਖੇ ਖਾਲਸਾ ਬਲੱਡ ਡੋਨੇਟ ਯੂਨਿਟੀ ਰਜਿਸਟਰ ਦੇ ਸਮਾਜ ਸੇਵੀ ਡਾ: ਸਰਬਜੀਤ ਸਿੰਘ ਭੁੱਲਰ ਉਹਨਾਂ ਵਲੋ ਆਪਣੇ ਪਿਤਾ ਜੀ ਦੀ ਯਾਦ ਵਿਚ ਜੋ ਕੇ ਸਾਲਾਨਾ ਖੂਨਦਾਨ ਕੈਂਪ ਲਗਾਇਆ ਜਾਂਦਾ ਹੈ ਟ੍ਰੈਫਿਕ ਐਜੂਕੇਸਨ ਸੈੱਲ ਦੇ ਇੰਚਾਰਜ ਐੱਸ ਆਈ ਦਲਜੀਤ ਸਿੰਘ ਅਤੇ ਉਹਨਾਂ ਦੀ ਟੀਮ ਉਚੇਚੇ ਤੌਰ ਤੇ ਪਹੁੰਚੇ ਯਾਦ ਰਹੇ ਕੇ ਸਰਦਾਰ ਦਲਜੀਤ ਸਿੰਘ ਇੰਚਾਰਜ ਟ੍ਰੈਫਿਕ ਐਜੂਕੇਸਨ ਸੈੱਲ ਇਹ ਉਹ ਸਖਸੀਅਤ ਹਨ ਜੋ ਕੇ ਕੋਰੋਨਾ ਕਾਲ ਦੇ ਸਮੇ ਵਿਚ ਬਹੁਤ ਸਾਰੇ ਲੋਕਾ ਦੀ ਮਦਦ ਕਰ ਚੁੱਕੇ ਹਨ ਗਰੀਬ ਲੜਕੀਆ ਦੇ ਵਿਆਹ, ਪੜਾਈ ਲਿਖਾਈ ਅਤੇ ਮਰੀਜਾ ਦੀ ਮਦਦ, ਲੋੜਵੰਦਾ ਲਈ ਦਵਾਈਆਂ ਅਤੇ ਉਹਨਾਂ ਦੇ ਆਪ੍ਰੇਸਨ ਅਤੇ ਹੋਰ ਬਹੁਤ ਸਾਰੇ ਸਲਾਘਾਯੋਗ ਕੰਮ ਕੀਤੇ ਹਨ ਜਿੰਨਾ ਨੇ ਇਸ ਮੌਕੇ ਜਦੋ ਦੇਖਿਆ ਕੇ ਬਹੁਤ ਸਾਰੇ ਲੋਕ ਖੂਨਦਾਨ ਕਰਨ ਲਈ ਆਏ ਹਨ ਓਹ ਵੀ ਪਿਛੇ ਹਟਣ ਵਾਲੇ ਨਹੀਂ ਸਨ ਲੇਕਿਨ ਫੇਰ ਵੀ ਉਹਨਾਂ ਨੇ 10-15 ਦਿਨ ਪਹਿਲੇ ਖੂਨ ਦਾਨ ਕਰਨ ਕਾਰਨ ਖੂਨ ਨਹੀਂ ਦੇ ਸਕੇ ਉਹਨਾਂ ਦੇ ਨਾਲ ਆਏ ਐੱਚ ਸੀ ਸਲਵੰਤ ਸਿੰਘ ਨੂੰ ਇਸ ਲਈ ਉਤਸਾਹਿਤ ਕੀਤਾ ਕੇ ਖੂਨਦਾਨ ਬਹੁਤ ਹੀ ਵੱਡਾ ਦਾਨ ਹੈ ਅਤੇ ਇਸ ਗੱਲ ਨੂੰ ਮਨ ਕੇ ਐੱਚ ਸੀ ਸਲਵੰਤ ਸਿੰਘ ਨੇ ਖੂਨ ਦਾਨ ਕੀਤਾ ਅਤੇ ਇਕ ਵੱਖਰੀ ਮਿਸਾਲ ਪੈਦਾ ਕੀਤੀ ਜੋ ਕੇ ਮਨੁੱਖਤਾ ਦੀ ਸੇਵਾ ਲਈ ਅਸੀ ਵੱਡੇ ਵੱਡੇ ਲੰਗਰ ਲਗਾ ਰਹੇ ਹਾ ਖੂਨਦਾਨ ਕਰ ਕੇ ਅਸੀ ਮਨੁੱਖਤਾ ਦੀ ਸੇਵਾ ਕਰ ਰਹੇ ਹਾ ਯਾਦ ਰਹੇ ਕੇ ਟ੍ਰੈਫਿਕ ਐਜੂਕੇਸਨ ਸੈੱਲ ਉਹ ਸੈੱਲ ਦੇ ਇੰਚਾਰਜ ਬਹੁਤ ਵਧੀਆ ਕੰਮ ਕਰ ਰਹੇ ਹਨ ਇਸ ਮੌਕੇ ਸਰਦਾਰ ਦਲਜੀਤ ਸਿੰਘ ਜੀ ਦਾ ਕਹਿਣਾ ਹੈ ਕੇ ਖੂਨਦਾਨ ਕਰਨ ਦੇ ਨਾਲ ਜਿਸ ਤਰਾ ਕੇ ਕਿਸੇ ਦਾ ਐਕਸੀਡੈਂਟ ਹੋਏ ਵਿਅਕਤੀ ਦੀ ਮਦਦ ਹੋ ਸਕਦੀ ਹੈ ਅਤੇ ਕਈ ਲੋਕ ਬਿਮਾਰੀਆ ਤੋ ਪੀੜਤ ਹਨ ਉਹਨਾਂ ਦੀ ਮਦਦ ਹੋ ਸਕਦੀ ਹੈ ਉਹਨਾਂ ਦਾ ਕਹਿਣਾ ਹੈ ਕੇ ਖੂਨਦਾਨ ਹਰੇਕ ਤੰਦਰੁਸਤ ਵਿਅਕਤੀ ਦਾ ਨੂੰ ਕਰਨਾ ਚਾਹੀਦਾ ਹੈ ਤਾ ਜੋ ਕਿਸੇ ਦੀ ਮਦਦ ਹੋ ਸਕੇ




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com